# ਪਾਠ 15 ਚਾਰ ਪ੍ਰਸਿੱਧ ਪੰਜਾਬੀ ਕਵੀ

## ਪਾਠ ਦੀ ਰੂਪ-ਰੇਖਾ


15.0 ਮਨੋਰਥ
15.1 ਭੂਮਿਕਾ
15.2 ਸਾਹਿੱਤ ਤੇ ਭਾਸ਼ਾ
ਪੰਜਾਬੀ ਸਾਹਿੱਤ ਦੀਆਂ ਮੁੱਖ ਧਾਰਾਵਾਂ
- 15.3.1 ਸੂਫ਼ੀ ਕਾਵਿ
- 15.3.2 ਕਿੱਸਾ ਕਾਵਿ
- 15.3.3 ਆਧੁਨਿਕ ਕਾਵਿ

15.4 ਗੁਰੂ ਨਾਨਕ ਦੇਵ
- 15.4.1 ਰਹੱਸਵਾਦੀ ਕਾਵਿ
- 15.4.2 ਅਧਿਆਤਮਵਾਦੀ ਕਾਵਿ
- 15.4.3 ਉਪਦੇਸ਼ਾਤਮਕ ਕਾਵਿ
- 15.4.4 ਸਦਾਚਾਰ
- 15.4.5 ਸਮਾਜਿਕਤਾ
- 15.4.6 ਇਕਾਗਰਤਾ
- 15.4.7 ਮਹਾਨ ਕਵੀ
- 15.4.8 ਗੁਰੂ ਨਾਨਕ ਸਾਹਿਬ ਦਾ ਸ਼ਲੋਕ

15.5 ਸ਼ਾਹ ਹੁਸੈਨ
- 15.5.1 ਮਲਾਮਤੀ
- 15.5.2 ਦਲੇਰੀ
- 15.5.3 ਬੋਲੀ
- 15.5.4 ਤਿੰਨਾ ਨੂੰ ਗਮ ਕੈਂਦਾ
- 15.5.5 ਕਾਫ਼ੀ ਉੱਤੇ ਇੱਕ ਨੋਟ

15.6 ਵਾਰਿਸ ਸ਼ਾਹ
- 15.6.1 ਪ੍ਰੇਮ ਕਹਾਣੀ
- 15.6.2 ਨਾਟਕੀ ਸ਼ੈਲੀ
- 15.6.3 ਪਾਤਰ ਉਸਾਰੀ
- 15.6.4 ਭਾਸ਼ਾ
- 15.6.5 ਭਾਈਆਂ ਬਾਝ ਨਾ ਮਜਲਿਸਾਂ ਸੋਂਹਦੀਆਂ ਨੇ

15.7 ਧਨੀ ਰਾਮ ਚਾਤ੍ਰਿਕ
- 15.7.1 ਕਵਿਤਾ ਦਾ ਵਿਕਾਸ
- 15.7.2 ਰਚਨਾ
- 15.7.3 ਨਵੀਂ ਦੁਨੀਆਂ

15.8 ਸਾਰ
15.9 ਸਹਾਇਕ ਪੁਸਤਕਾਂ
15.10 ਅਭਿਆਸਾਂ ਦੇ ਉੱਤਰ


## 15.0 ਮਨੋਰਥ

ਇਸ ਪਾਠ ਦਾ ਮੰਤਵ ਪੰਜਾਬੀ ਕਵਿਤਾ ਦੀ ਚਿਰਾਂ ਤੋਂ ਵਹਿੰਦੀ ਆ ਰਹੀ ਧਾਰਾ ਵਿੱਚੋਂ ਕੁੱਝ ਨਮੂਨੇ ਪੇਸ਼ ਕਰ ਕੇ ਤੁਹਾਨੂੰ ਇਸ ਦੀਆਂ ਵੱਖ-ਵੱਖ ਰੁਚੀਆਂ ਨਾਲ ਵਾਕਿਫ ਕਰਾਉਣਾ ਹੈ। ਅਸੀਂ ਗੁਰੂ ਨਾਨਕ, ਸ਼ਾਹ ਹੁਸੈਨ, ਵਾਰਿਸ ਸ਼ਾਹ ਤੇ ਧਨੀ ਰਾਮ ਚਾਤ੍ਰਿਕ ਦੀ ਇੱਕ-ਇੱਕ ਕਵਿਤਾ ਚੁਣੀ ਹੈ।

## 15.1 ਭੂਮਿਕਾ

ਇਸ ਪਾਠ ਵਿੱਚ ਪਹਿਲੇ ਸਾਹਿੱਤ ਤੇ ਭਾਸ਼ਾ ਤੇ ਪਿੱਛੋਂ ਪੰਜਾਬੀ ਸਾਹਿੱਤ ਦੀਆਂ ਮੁੱਖ ਧਾਰਾਵਾਂ ਦੀ ਚਰਚਾ ਕੀਤੀ ਜਾਵੇਗੀ। ਉਪਰੰਤ, ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਮੁੱਖ ਵਿਸ਼ੇ ਤੇ ਸਾਹਿੱਤਕ ਗੁਣਾਂ ਦਾ ਸੰਖੇਪ ਵਰਣਨ ਕੀਤਾ

ਜਾਵੇਗਾ। ਨਾਲ ਹੀ ਗੁਰੂ ਸਾਹਿਬ ਦੇ ਸ਼ਲੋਕ "ਸਿੰਮਲ ਰੁੱਖ ਸਰਾਇਰਾ" ਦੀ ਅਰਥਾਂ ਸਹਿਤ ਵਿਆਖਿਆ ਕੀਤੀ ਜਾਵੇਗੀ। ਇਸੇ ਤਰ੍ਹਾਂ ਸ਼ਾਹ ਹੁਸੈਨ ਦੀ ਕਵਿਤਾ ਦੇ ਮੁੱਖ ਝੁਕਾ ਦੱਸ ਕੇ ਉਸ ਦੀ ਕਾਫ਼ੀ "ਤਿਨ੍ਹਾਂ ਨੂੰ ਗਮ ਕੈਂਦਾ" ਦੇ ਅਰਥ ਤੇ ਵਿਆਖਿਆ ਦਿੱਤੀ ਜਾਵੇਗੀ। ਫੇਰ ਵਾਰਿਸ ਸ਼ਾਹ ਦੀ ਹੀਰ ਦੀ ਪ੍ਰਸਿੱਧੀ ਦੇ ਕਾਰਨ ਦੱਸ ਕੇ ਉਸ ਦੀ ਹੀਰ ਦੇ ਛੰਦ "ਭਾਈਆਂ ਬਾਝ ਨ ਮਜਲਿਸਾਂ ਸੋਹਦੀਆਂ ਨੇ" ਦੇ ਅਰਥ ਤੇ ਵਿਆਖਿਆ ਪੇਸ਼ ਕੀਤੀ ਜਾਵੇਗੀ ਤੇ ਅੰਤ ਉੱਤੇ ਧਨੀ ਰਾਮ ਚਾਤ੍ਰਿਕ ਉੱਤੇ ਪਏ ਪ੍ਰਭਾਵ ਤੇ ਉਸ ਦੀ ਕਵਿਤਾ ਦੇ ਮੁੱਖ ਵਿਸ਼ੇ ਦੱਸ ਕੇ ਉਸ ਦੀ ਕਵਿਤਾ "ਨਵੀਂ ਦੁਨੀਆਂ" ਦੇ ਅਰਥਾਂ ਸਹਿਤ ਵਿਆਖਿਆ ਦਿਆਂਗੇ।

## 15.2 ਸਾਹਿੱਤ ਤੇ ਭਾਸ਼ਾ

ਪੰਜਾਬੀ ਸਾਹਿੱਤ ਦਾ ਇਤਿਹਾਸ ਘੱਟੋ-ਘੱਟ ਸੱਤ-ਅੱਠ ਸਦੀਆਂ ਪੁਰਾਣਾ ਹੈ। ਅੱਜ ਕਲ ਦੇ ਸਾਹਿੱਤ ਵਿੱਚ ਵਾਰਤਕ ਬਹੁਤ ਲਿਖੀ ਜਾਂਦੀ ਹੈ ਤੇ ਪੰਜਾਬੀ ਸਾਹਿੱਤ ਵਿੱਚ ਸਾਧਾਰਨ ਜਿਹੀ ਦਿਲਚਸਪੀ ਲੈਣ ਵਾਲੇ ਆਮ ਲੋਕਾਂ ਨੂੰ ਨਾਵਲ ਤੇ ਕਹਾਣੀਆਂ ਪੜ੍ਹਨ ਦਾ ਹੀ ਸ਼ੌਕ ਹੁੰਦਾ ਹੈ। ਵਧੇਰੇ ਸੂਝਵਾਨ ਪਾਠਕ ਕਵਿਤਾ ਤੇ ਨਾਟਕ ਵੀ ਪੜ੍ਹਦੇ ਹਨ। ਪੁਰਾਣੇ ਸਮਿਆਂ ਵਿੱਚ ਬਹੁਤਾ ਰਿਵਾਜ ਕਵਿਤਾ ਲਿਖਣ ਦਾ ਹੀ ਸੀ। ਪੁਰਾਣੀ ਤੇ ਨਵੀਂ ਕਵਿਤਾ ਪੜ੍ਹਨ ਨਾਲ ਪੰਜਾਬੀ ਸਾਹਿੱਤ ਦੇ ਮੁੱਖ ਝੁਕਾਵਾਂ ਦਾ ਪਤਾ ਲੱਗ ਜਾਂਦਾ ਹੈ। ਅਸੀਂ ਇਸ ਪਾਠ ਵਿੱਚ ਅਜਿਹੇ ਝੁਕਾਵਾਂ ਦੀ ਪ੍ਰਤੀਨਿੱਧਤਾ ਕਰਨ ਵਾਲੀ ਕਵਿਤਾ ਦੇ ਕੁੱਝ ਨਮੂਨੇ ਪੇਸ਼ ਕਰਾਂਗੇ।

ਜਦ ਅਸੀਂ ਪੰਜਾਬੀ ਸਾਹਿੱਤ ਦਾ ਨਾਂ ਲੈਂਦੇ ਹਾਂ ਤਾਂ ਸਾਡਾ ਮਤਲਬ ਪੰਜਾਬੀ ਭਾਸ਼ਾ ਵਿੱਚ ਲਿਖੇ ਸਾਹਿੱਤ ਤੋਂ ਹੁੰਦਾ ਹੈ, ਉਹ ਭਾਵੇਂ ਕੋਈ ਪੰਜਾਬ ਵਿੱਚ ਬੈਠ ਕੇ ਲਿਖੇ ਜਾਂ ਪੰਜਾਬੋਂ ਬਾਹਰ ਬੈਠ ਕੇ। ਦੂਜੇ ਪਾਸੇ ਪੰਜਾਬ ਵਿੱਚ ਵੱਸਣ ਵਾਲੇ ਲੋਕਾਂ ਦਾ ਲਿਖਿਆ ਸਾਰਾ ਸਾਹਿੱਤ ਪੰਜਾਬੀ ਸਾਹਿੱਤ ਨਹੀਂ। ਕਈ ਪੰਜਾਬੀ ਲੇਖਕ ਹਿੰਦੀ ਜਾਂ ਉਰਦੂ ਵਿੱਚ ਸਾਹਿੱਤ ਰਚਦੇ ਹਨ। ਉਹ ਪੰਜਾਬ ਦਾ ਸਾਹਿੱਤ ਤਾਂ ਕਿਹਾ ਜਾ ਸਕਦਾ ਹੈ, ਪੰਜਾਬੀ ਸਾਹਿੱਤ ਨਹੀਂ। ਜੇ ਕੋਈ ਪੰਜਾਬੀ ਲੇਖਕ ਪੰਜਾਬੋਂ ਬਾਹਰ ਜਾ ਵੱਸੇ, ਜਿਵੇਂ ਕਈ ਇੰਗਲੈਂਡ ਜਾਂ ਅਮਰੀਕਾ ਵਿੱਚ ਜਾ ਵੱਸੇ ਹਨ, ਤਾਂ ਉਸ ਦਾ ਪੰਜਾਬੀ ਭਾਸ਼ਾ ਵਿੱਚ ਰਚਿਆ ਸਾਹਿੱਤ, ਪੰਜਾਬੀ ਸਾਹਿੱਤ ਮੰਨਿਆ ਜਾਵੇਗਾ।

ਜਿਵੇਂ ਪੰਜਾਬੀ ਸਾਹਿੱਤ ਦੇ ਲੇਖਕ ਕਿਧਰੇ ਵੀ ਵੱਸਣ ਵਾਲੇ ਹੋ ਸਕਦੇ ਹਨ, ਤਿਵੇਂ ਉਹ ਕਿਸੇ ਵੀ ਧਰਮ ਨਾਲ ਸੰਬੰਧਿਤ ਹੋ ਸਕਦੇ ਹਨ। ਇਹ ਜ਼ਰੂਰੀ ਨਹੀਂ ਕਿ ਸਿਰਫ਼ ਸਿੱਖ ਧਰਮ ਨੂੰ ਮੰਨਣ ਵਾਲੇ ਲੇਖਕ ਹੀ ਪੰਜਾਬੀ ਸਾਹਿੱਤ ਦੇ ਰਚਨਹਾਰ ਹੋਣ; ਹਿੰਦੂ, ਮੁਸਲਮਾਨ, ਈਸਾਈ, ਕੋਈ ਵੀ ਪੰਜਾਬੀ ਦਾ ਸਾਹਿੱਤਕਾਰ ਹੋ ਸਕਦਾ ਹੈ। ਅਸੀਂ ਇਸ ਪਾਠ ਲਈ ਜਿਨ੍ਹਾਂ ਚਾਰ ਕਵੀਆਂ ਦੀ ਕਵਿਤਾ ਚੁਣੀ ਹੈ ਉਨ੍ਹਾਂ ਵਿੱਚ ਸਿੱਖ ਧਰਮ, ਇਸਲਾਮ ਤੇ ਹਿੰਦੂ ਧਰਮ ਨਾਲ ਸੰਬੰਧ ਰੱਖਣ ਵਾਲੇ ਲੇਖਕ ਸ਼ਾਮਿਲ ਹਨ।

ਪੰਜਾਬੀ ਸਾਹਿੱਤ ਕਈ ਵਿਸ਼ਿਆਂ ਉੱਤੇ ਲਿਖਿਆ ਗਿਆ ਹੈ। ਅੱਜ ਕਲ ਦੇ ਨਾਵਲਾਂ ਵਿੱਚ ਦੇਸ਼ ਪਿਆਰ, ਦੁਨਿਆਵੀ ਪ੍ਰੀਤ, ਘਰੋਗੀ ਜੀਵਨ ਦੀਆਂ ਸਮੱਸਿਆਵਾਂ, ਕਿਸਾਨ ਜਾਂ ਮਜ਼ਦੂਰਾਂ ਦੇ ਮਸਲੇ, ਸਰਕਾਰ ਤੇ ਸਰਕਾਰੀ ਕਰਮਚਾਰੀਆਂ ਦੇ ਕਾਰਨਾਮੇ, ਸਰਮਾਇਆਦਾਰ ਸ਼੍ਰੇਣੀ ਦੀ ਲੁੱਟ-ਖਸੁੱਟ, ਆਦਿਕ ਅਨੇਕਾਂ ਵਿਸ਼ੇ ਛੋਹੇ ਗਏ ਹਨ। ਜੇ ਕੋਈ ਲੇਖਕ ਪੰਜਾਬੀ ਭਾਸ਼ਾ ਵਿੱਚ ਲਿਖਣ ਵੇਲੇ ਧਾਰਮਿਕ ਵਿਸ਼ੇ ਉੱਤੇ ਲਿਖਣਾ ਚਾਹੇ ਤੇ ਉਸ ਦੀ ਲਿਖਤ ਵਿੱਚ ਸਾਹਿੱਤਕ ਗੁਣ ਵੀ ਹੋਵੇ ਤਾਂ ਉਹ ਲਿਖਤ ਵੀ ਸਾਹਿੱਤ ਦੇ ਘੇਰੇ ਵਿੱਚ ਆ ਜਾਂਦੀ ਹੈ, ਚਾਹੇ ਕੁੱਝ ਧਾਰਮਿਕ ਲੋਕ ਉਸ ਨੂੰ ਧਾਰਮਿਕ ਸ਼ਰਧਾ ਨਾਲ ਹੀ ਪੜ੍ਹਨ ਤੇ ਉਸ ਦੇ ਸਾਹਿੱਤਕ ਪੱਖ ਵੱਲੋਂ ਬੇਪਰਵਾਹ ਰਹਿਣ। ਸਾਹਿੱਤਕ ਗੁਣ ਦਾ ਅਰਥ ਹੈ ਸੁਹਜ-ਸੁਆਦ ਦੀ ਤ੍ਰਿਪਤੀ ਕਰਨ ਵਾਲਾ ਗੁਣ।

## 15.3 ਪੰਜਾਬੀ ਸਾਹਿੱਤ ਦੀਆਂ ਮੁੱਖ ਧਾਰਾਵਾਂ

ਗੁਰੂ ਨਾਨਕ ਸਾਹਿਬ ਸਿੱਖ ਧਰਮ ਦੇ ਮੋਢੀ ਸਨ। ਉਨ੍ਹਾਂ ਦੀਆਂ ਲਿਖਤਾਂ ਨੂੰ ਗੁਰਬਾਣੀ ਕਿਹਾ ਜਾਂਦਾ ਹੈ, ਅਰਥਾਤ ਗੁਰੂ ਦੀ ਰਚੀ ਬਾਣੀ। ਇਹ ਬਾਣੀ ਸਭ ਤੋਂ ਵੱਧ ਆਤਮਾ-ਪਰਮਾਤਮਾ ਦੇ ਵਿਸ਼ੇ ਨਾਲ ਸੰਬੰਧਿਤ ਹੋਣ ਕਰਕੇ ਪਵਿੱਤਰ ਬਾਣੀ (Sacred writing) ਮੰਨੀ ਜਾਂਦੀ ਹੈ ਤੇ ਇਸ ਵਿਸ਼ੇ ਵਿੱਚ ਰੁਚੀ ਰੱਖਣ ਵਾਲੇ ਲੋਕ ਇਸ ਨੂੰ ਡੂੰਘੀ ਸ਼ਰਧਾ ਨਾਲ ਪੜ੍ਹਦੇ ਹਨ। ਪਰ ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚ ਸਾਹਿੱਤਕ ਗੁਣ ਬਹੁਤ ਬਲਵਾਨ ਹੈ, ਜਿਸ ਕਰਕੇ ਪੰਜਾਬੀ ਸਾਹਿੱਤ ਦੇ ਘੇਰੇ ਵਿੱਚ ਇਸ ਨੂੰ ਬਹੁਤ ਉੱਚਾ ਸਥਾਨ ਪ੍ਰਾਪਤ ਹੈ। ਇਹ ਸਾਰੀ ਬਾਣੀ ਪੰਜਾਬੀ ਭਾਸ਼ਾ ਵਿੱਚ ਨਹੀਂ ਪਰ ਇਸ ਦੇ ਕੁੱਝ ਭਾਗ ਇਸ ਭਾਸ਼ਾ ਵਿੱਚ ਵੀ ਹਨ। ਮਿਸਾਲ ਵਜੋਂ 'ਜਪੁਜੀ', ਪੰਜਾਬੀ ਭਾਸ਼ਾ ਵਿੱਚ ਰਚੀ ਗਈ ਹੈ। 'ਆਸਾ ਦੀ ਵਾਰ' ਵੀ, ਪੰਜਾਬੀ ਭਾਸ਼ਾ ਦੀ ਰਚਨਾ ਹੈ। ਇਨ੍ਹਾਂ ਦੋਹਾਂ ਬਾਣੀਆਂ ਵਿੱਚ ਸਾਹਿੱਤਕ ਗੁਣ ਬਹੁਤ ਉੱਤਮ ਦਰਜੇ ਦਾ ਹੈ। ਇਸ ਲਈ ਇਹ ਪੰਜਾਬੀ ਸਾਹਿੱਤ ਵਿੱਚ ਵੀ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ। ਅਸੀਂ ਉਨ੍ਹਾਂ ਦੀ ਬਾਣੀ ਵਿੱਚੋਂ ਜਿਹੜੀ ਕਵਿਤਾ ਚੁਣੀ ਹੈ ਉਹ 'ਆਸਾ ਦੀ ਵਾਰ' ਦਾ ਭਾਗ ਹੈ। ਗੁਰੂ ਨਾਨਕ ਸਾਹਿਬ ਦੀਆਂ ਹੋਰ ਵੀ ਕਈ ਬਾਣੀਆਂ 'ਬਾਰਹਮਾਹਾ ਤੁਖਾਰੀ', ਆਦਿਕ ਪੰਜਾਬੀ ਵਿੱਚ ਹਨ। ਗੁਰੂ ਨਾਨਕ ਸਾਹਿਬ ਤੋਂ ਸਿਵਾਏ ਜਿਨ੍ਹਾਂ ਹੋਰ ਕਈ ਸਿੱਖ ਗੁਰੂਆਂ ਨੇ ਪੰਜਾਬੀ ਭਾਸ਼ਾ ਵਿੱਚ ਧਾਰਮਿਕ ਵਿਸ਼ੇ ਵਾਲੀ ਕਵਿਤਾ ਲਿਖੀ, ਉਨ੍ਹਾਂ ਨੂੰ ਪੰਜਾਬੀ ਸਾਹਿੱਤ ਦੇ ਇਤਿਹਾਸਾਂ ਵਿੱਚ ਆਦਰਯੋਗ ਥਾਂ ਮਿਲੀ ਹੈ। ਇਸ ਤਰ੍ਹਾਂ ਦੀ ਸਾਰੀ ਪੰਜਾਬੀ ਕਵਿਤਾ ਨੂੰ ਗੁਰਮਤਿ ਧਾਰਾ ਦੀ

ਕਵਿਤਾ ਕਿਹਾ ਜਾਂਦਾ ਹੈ। ਗੁਰੂ ਸਾਹਿਬਾਂ ਤੋਂ ਅਲਾਵਾ ਭਾਈ ਗੁਰਦਾਸ, ਭਾਈ ਵੀਰ ਸਿੰਘ, ਆਦਿਕ ਕਈ ਹੋਰ ਲੇਖਕ ਵੀ ਇਸ ਧਾਰਾ ਵਿੱਚ ਆਉਂਦੇ ਹਨ।

### 15.3.1 ਸੂਫ਼ੀ ਕਾਵਿ

ਪੰਜਾਬ ਵਿੱਚ ਕਈ ਮੁਸਲਮਾਨ ਲੇਖਕ ਅਜਿਹੇ ਹੋਏ ਹਨ ਜਿਨ੍ਹਾਂ ਨੇ ਸਿੱਖ ਗੁਰੂਆਂ ਦੀ ਤਰ੍ਹਾਂ ਆਤਮਾ-ਪਰਮਾਤਮਾ ਦੇ ਵਿਸ਼ੇ ਉੱਤੇ ਕਵਿਤਾ ਰਚੀ। ਉਨ੍ਹਾਂ ਵਿੱਚੋਂ ਸਭ ਤੋਂ ਬਹੁਤਾ ਪ੍ਰਸਿੱਧ ਨਾਂ ਬਾਬਾ ਫ਼ਰੀਦ ਦਾ ਹੈ ਜਿਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਮੁਸਲਮਾਨ ਪੰਜਾਬੀ ਧਾਰਮਿਕ ਕਵੀਆਂ ਵਿੱਚੋਂ ਦੂਜਾ ਮਸ਼ਹੂਰ ਨਾਂ ਸ਼ਾਹ ਹੁਸੈਨ ਦਾ ਹੈ ਤੇ ਤੀਜਾ ਬੁੱਲ੍ਹੇ ਸ਼ਾਹ ਦਾ। ਬਹੁਤੇ ਪੰਜਾਬੀ ਸਾਹਿੱਤ ਦੇ ਇਤਿਹਾਸਕਾਰ ਇਨ੍ਹਾਂ ਨੂੰ ਸੂਫ਼ੀ ਧਾਰਾ ਦੇ ਕਵੀ ਕਹਿੰਦੇ ਹਨ। ਜਿਹੜਾ ਮੁਸਲਮਾਨ ਸੱਚੇ ਦਿਲੋਂ ਅੱਲਾ ਨੂੰ ਪਿਆਰ ਕਰੇ ਤੇ ਕੱਟੜਪੰਥੀ ਤੇ ਕਰਮਕਾਂਡੀ ਨਾ ਹੋਵੇ, ਉਸ ਨੂੰ ਸੂਫ਼ੀ ਕਿਹਾ ਜਾਂਦਾ ਹੈ। ਕਈ ਪੰਜਾਬੀ ਸੂਫ਼ੀ ਕਵੀਆਂ ਨੇ ਪੰਜਾਬੀ ਵਿੱਚ ਬਹੁਤ ਕਾਫ਼ੀਆਂ ਲਿਖੀਆਂ ਹਨ। ਅਸੀਂ ਆਪਣੀ ਚੋਣ ਵਿੱਚ ਸ਼ਾਹ ਹੁਸੈਨ ਦੀ ਇੱਕ ਕਾਫ਼ੀ ਰੱਖ ਲਈ ਹੈ। ਸ਼ਾਹ ਹੁਸੈਨ ਦਾ ਸਮਾਂ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਸੌ ਕੁ ਸਾਲ ਬਾਅਦ ਦਾ ਸੀ।

### 15.3.2 ਕਿੱਸਾ ਕਾਵਿ

ਗੁਰਮਤਿ ਤੇ ਸੂਫ਼ੀ ਧਾਰਾ ਤੋਂ ਛੁੱਟ ਪੰਜਾਬੀ ਸਾਹਿੱਤ ਦੀ ਇੱਕ ਹੋਰ ਵੱਡੀ ਧਾਰਾ ਕਿੱਸਾ ਸਾਹਿੱਤ ਦੀ ਹੈ ਜਿਸ ਵਿੱਚ ਆਮ ਤੌਰ ਉੱਤੇ, ਸੰਸਾਰੀ ਪ੍ਰੇਮ-ਕਥਾਵਾਂ ਨੂੰ ਵਰਣਨ ਕੀਤਾ ਗਿਆ ਹੈ, ਚਾਹੇ ਕਈ ਕਿੱਸੇ ਪ੍ਰੇਮ ਤੋਂ ਛੁੱਟ ਹੋਰ ਵਿਸ਼ਿਆਂ ਉੱਤੇ, ਵੀ ਲਿਖੇ ਗਏ ਹਨ। ਬਹੁਤੇ ਕਿੱਸੇ ਹੀਰ ਰਾਂਝੇ ਦੀ ਵਾਰਤਾ ਨੂੰ ਹੀ ਕਵਿਤਾ ਦਾ ਜਾਮਾ ਪਹਿਨਾਉਂਦੇ ਹਨ। ਅਜਿਹੇ ਕਿੱਸਿਆਂ ਵਿੱਚੋਂ ਸਭ ਤੋਂ ਪਹਿਲਾਂ ਵੱਡਾ ਕਿੱਸਾਕਾਰ ਦਮੋਦਰ ਗੁਲਾਟੀ ਹੋਇਆ ਹੈ ਜੋ ਅਕਬਰ ਦਾ ਸਮਕਾਲੀ ਸੀ। ਪਰ ਸਭ ਤੋਂ ਬਹੁਤਾ ਪ੍ਰਸਿੱਧ ਕਿੱਸਾਕਾਰ ਵਾਰਿਸ਼ ਸ਼ਾਹ ਸੀ ਜਿਸ ਦਾ ਸਮਾਂ ਅਠਾਰ੍ਹਵੀਂ ਸਦੀ ਦੇ ਵਿਚਕਾਰ ਦਾ ਹੈ। ਅਸੀਂ ਇਸ ਪਾਠ ਲਈ ਇਸ ਦੇ 'ਕਿੱਸਾ ਹੀਰ' ਵਿੱਚੋਂ ਇੱਕ ਬੰਦ ਚੁਣਿਆ ਹੈ। ਹਾਸ਼ਮ ਸ਼ਾਹ ਦਾ ਕਿੱਸਾ 'ਸੱਸੀ ਪੁੰਨੂੰ' ਤੇ ਫ਼ਜ਼ਲ ਸ਼ਾਹ ਦਾ ਕਿੱਸਾ "ਸ਼ੀਰੀ ਫਰਹਾਦ" ਵੀ ਕਾਫ਼ੀ ਮਸ਼ਹੂਰ ਹੋਏ। ਕਾਦਰ ਯਾਰ ਦਾ ਕਿੱਸਾ 'ਪੂਰਨ ਭਗਤ' ਕਾਫ਼ੀ ਨਾਮਣਾ ਖੱਟ ਚੁੱਕਾ ਹੈ।

### 15.3.3 ਆਧੁਨਿਕ ਕਾਵਿ

ਨਵੇਂ ਜ਼ਮਾਨੇ ਦੀਆਂ ਰੁਚੀਆਂ ਨੂੰ ਅਪਣਾਉਣ ਵਾਲੇ ਪੰਜਾਬੀ ਦੇ ਅਨੇਕਾਂ ਕਵੀਆਂ ਵਿੱਚੋਂ ਤੁਸੀਂ ਕਈ ਨਾਂ ਸੁਣੇ ਹੋਣਗੇ। ਕਈਆਂ ਦੀ ਜਾਣਕਾਰੀ ਤੁਹਾਨੂੰ ਕਵਿਤਾ ਬਾਰੇ ਦੂਜੇ ਪਾਠਾਂ ਵਿੱਚੋਂ ਮਿਲੇਗੀ। ਇਸ ਪਾਠ ਵਿੱਚ ਅਸੀਂ ਲਾਲਾ ਧਨੀ ਰਾਮ ਚਾਤ੍ਰਿਕ ਦੀ ਇੱਕ ਕਵਿਤਾ ਸ਼ਾਮਿਲ ਕੀਤੀ ਹੈ। ਆਧੁਨਿਕ ਧਾਰਾ ਦੇ ਬਹੁਤੇ ਜਾਣੇ ਜਾਂਦੇ ਨਾਂ ਹਨ—ਭਾਈ ਵੀਰ ਸਿੰਘ, ਪ੍ਰੋਫ਼ੈਸਰ ਪੂਰਨ ਸਿੰਘ, ਪ੍ਰੋਫ਼ੈਸਰ ਮੋਹਨ ਸਿੰਘ, ਅਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫ਼ੀਰ, ਸ਼ਿਵ ਕੁਮਾਰ ਬਟਾਲਵੀ ਆਦਿਕ। ਇਨ੍ਹਾਂ ਵਿੱਚ ਵਿਸ਼ਿਆਂ ਦੀ ਵੰਨਗੀ ਬਹੁਤ ਹੈ ਜਿਸ ਦੀ ਝਲਕ-ਮਾਤਰ ਅਸੀਂ ਅੱਗੇ ਦੇ ਆਏ ਹਾਂ। ਇਹ ਵਿਸ਼ੇ ਕਵਿਤਾ ਤੋਂ ਛੁੱਟ ਨਾਵਲਾਂ, ਨਾਟਕਾਂ ਤੇ ਸਾਹਿੱਤ ਦੇ ਹੋਰ ਰੂਪਾਂ ਵਿੱਚ ਵੀ ਛੋਹੇ ਗਏ ਹਨ।

**ਪਹਿਲਾ ਅਭਿਆਸ**

**ਨੋਟ:** ਹੇਠਾਂ ਲਿਖੇ ਸਵਾਲਾਂ ਦੇ ਉੱਤਰ ਖ਼ਾਲੀ ਛੱਡੀਆਂ ਹੋਈਆਂ ਥਾਵਾਂ ਉੱਤੇ ਦਿੱਤੇ ਜਾਣੇ ਹਨ। ਹਰ ਸਵਾਲ ਦਾ ਉੱਤਰ ਅੰਤ ਵਿੱਚ ਦਿੱਤਾ ਗਿਆ ਹੈ ਪਰ ਤੁਸੀਂ ਆਪਣਾ ਉੱਤਰ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਪੜ੍ਹਨ ਦਾ ਜਤਨ ਨਾ ਕਰੋ।

1 ਪੰਜਾਬੀ ਸਾਹਿੱਤ ਤੇ ਪੰਜਾਬ ਦੇ ਸਹਿੱਤ ਦਾ ਨਿਖੇੜਾ ਕਰੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਪੰਜਾਬੀ ਸਾਹਿੱਤ ਦੀਆਂ ਮੁੱਖ ਧਾਰਾਵਾਂ ਕਿਹੜੀਆਂ ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

3 ਪੰਜਾਬੀ ਸਾਹਿੱਤ ਵਿੱਚ ਛੋਹੇ ਗਏ ਮੁੱਖ ਵਿਸ਼ੇ ਕਿਹੜੇ ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 15.4 ਗੁਰੂ ਨਾਨਕ ਦੇਵ (1469-1539)

ਗੁਰੂ ਨਾਨਕ ਸਾਹਿਬ ਦਾ ਜਨਮ ਜ਼ਿਲ੍ਹਾ ਸ਼ੇਖੂਪੁਰੇ ਦੇ ਇੱਕ ਪਿੰਡ ਰਾਏ ਭੋਇ ਦੀ ਤਲਵੰਡੀ ਵਿੱਚ, ਜੋ ਅੱਜ ਕਲ ਪਾਕਿਸਤਾਨ ਵਿੱਚ "ਨਨਕਾਣਾ ਸਾਹਿਬ" ਦੇ ਨਾਂ ਨਾਲ ਮਸ਼ਹੂਰ ਹੈ, ਸੰਨ 1469 ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਮਹਿਤਾ ਕਾਲੂ ਤੇ ਮਾਂ ਦਾ ਨਾਂ ਮਾਤਾ ਤ੍ਰਿਪਤਾ ਸੀ। ਆਪ ਦੀ ਇੱਕੋ-ਇੱਕ ਭੈਣ ਸੀ ਜਿਸ ਦਾ ਨਾਂ ਨਾਨਕੀ ਸੀ, ਭਰਾ ਕੋਈ ਨਹੀਂ ਸੀ। ਵਿਆਹੇ ਜਾਣ ਬਾਅਦ ਜਵਾਨੀ ਵਿੱਚ ਆਪ ਕੁੱਝ ਸਾਲ ਸੁਲਤਾਨਪੁਰ (ਜ਼ਿਲ੍ਹਾ ਕਪੂਰਥਲਾ, ਪੰਜਾਬ) ਦੇ ਨਵਾਬ ਦੌਲਤ ਖਾਂ ਲੋਧੀ ਕੋਲ ਮੋਦੀ ਖ਼ਾਨੇ (ਸਰਕਾਰੀ ਅਨਾਜ ਦੇ ਸਟੋਰ) ਵਿੱਚ ਲੱਗੇ ਰਹੇ ਤੇ ਭੈਣ ਨਾਨਕੀ ਦੇ ਘਰ ਰਹਿੰਦੇ ਰਹੇ, ਜਿਸ ਦਾ ਪਤੀ ਜੈ ਰਾਮ ਵੀ ਉਸੇ ਨਵਾਬ ਦਾ ਅਹਿਲਕਾਰ ਸੀ। ਉੱਥੇ ਹੀ ਆਪ ਦੀ ਪਤਨੀ ਬੀਬੀ ਸੁਲੱਖਣੀ ਨੇ, ਦੋ ਪੁੱਤਰਾਂ, ਸਿਰੀ ਚੰਦ ਤੇ ਲਖਮੀ ਦਾਸ ਨੂੰ ਜਨਮ ਦਿੱਤਾ। ਸੁਲਤਾਨਪੁਰ ਰਹਿੰਦਿਆਂ ਆਪ ਨੂੰ ਇੱਕ ਮਹਾਨ ਆਤਮਿਕ ਪ੍ਰਕਾਸ਼ ਹੋਇਆ, ਜਿਸ ਦੇ ਉਪਰੰਤ ਆਪ ਨੂੰ ਜਗਤ ਦੇ ਦੁਖੀ ਲੋਕਾਂ ਨੂੰ ਸੁਖ ਦਾ ਮਾਰਗ ਦੱਸਣ ਦੀ ਪਰੇਰਨਾ ਹੋਈ ਤੇ ਆਪ ਘਰ ਤੇ ਪਰਿਵਾਰ ਨੂੰ ਭੈਣ ਕੋਲ ਛੱਡ ਕੇ ਭਾਰਤ ਦੇ ਪ੍ਰਸਿੱਧ ਧਾਰਮਿਕ ਕੇਂਦਰਾਂ ਦੀ ਯਾਤਰਾ ਉੱਤੇ ਚੱਲ ਨਿਕਲੇ। ਪਹਿਲੀ ਯਾਤਰਾ ਬਾਅਦ ਉਨ੍ਹਾਂ ਨੇ ਤਿੰਨ ਹੋਰ ਯਾਤਰਾਵਾਂ ਕੀਤੀਆਂ ਤੇ ਵਿੱਚ-ਵਿੱਚ ਘਰ ਵੀ ਆਉਂਦੇ ਰਹੇ। ਉਹ ਭਾਰਤ ਦੇ ਪੂਰਬ, ਦੱਖਣ, ਉੱਤਰ ਤੇ ਪੱਛਮ ਵਿੱਚ ਘੁੰਮੇ ਤੇ ਪਰਦੇਸਾਂ ਜਿਵੇਂ ਮੱਕੇ, ਮਦੀਨੇ ਤੇ ਬਗ਼ਦਾਦ ਆਦਿਕ ਵੱਲ ਵੀ ਗਏ। ਪਿਛਲੀ ਉਮਰੇ ਆਪ ਨੇ ਦਰਿਆ ਰਾਵੀ ਦੇ ਕਿਨਾਰੇ ਕਰਤਾਰਪੁਰ ਨਾਂ ਦਾ ਨਗਰ ਵਸਾਇਆ ਤੇ ਅੰਤਲੇ ਕਈ ਸਾਲ ਪਰਿਵਾਰ ਸਮੇਤ ਉੱਥੇ ਰਹਿਣ ਪਿੱਛੋਂ ਸੰਨ 1539 ਵਿੱਚ ਸੰਸਾਰ ਤਿਆਗ ਦਿੱਤਾ।

### 15.4.1 ਰਹੱਸਵਾਦੀ ਕਾਵਿ

ਗੁਰੂ ਨਾਨਕ ਸਾਹਿਬ ਪਰਮਾਤਮਾ ਨੂੰ ਮੰਨਣ ਵਾਲੇ ਸਨ ਅਤੇ ਉਸ ਨੂੰ ਸੱਚੇ ਦਿਲੋਂ ਪਿਆਰ ਕਰਦੇ ਤੇ ਦਿਨ-ਰਾਤ ਯਾਦ ਕਰਦੇ ਸਨ। ਆਪਣੇ ਇਸ ਪ੍ਰੇਮ ਦਾ ਬੜਾ ਸੁੰਦਰ ਵਰਣਨ ਉਨ੍ਹਾਂ ਨੇ ਆਪਣੀ ਬਾਣੀ ਵਿੱਚ ਕੀਤਾ ਹੈ ਜੋ ਪਾਠਕਾਂ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਇਸ ਪ੍ਰਕਾਰ ਦੇ ਪ੍ਰੇਮ ਦੇ ਜੀਵਨ ਵਿੱਚ ਕਈ ਉਤਾਰ-ਚੜ੍ਹਾ ਆਉਂਦੇ ਹਨ। ਕਦੀ ਪ੍ਰੇਮੀ ਆਪਣੇ ਪ੍ਰੀਤਮ ਨਾਲ ਨੇੜ ਦਾ ਅਨੰਦ ਮਾਣਦਾ ਹੈ ਤੇ ਕਦੀ ਉਸ ਤੋਂ ਵਿਛੋੜੇ ਦਾ ਦੁੱਖ ਮਹਿਸੂਸ ਕਰਦਾ ਹੈ। ਜਿਸ ਕਵਿਤਾ ਵਿੱਚ ਦੈਵੀ ਪ੍ਰੇਮ ਦੇ ਸੰਜੋਗ ਤੇ ਵਿਜੋਗ ਦਾ ਵਰਣਨ ਹੋਵੇ ਉਸ ਨੂੰ ਸਾਹਿੱਤਕ ਭਾਸ਼ਾ ਵਿੱਚ "ਰਹੱਸਵਾਦੀ ਕਾਵਿ" ਕਿਹਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੁਨੀਆ ਦੇ ਮਹਾਨ ਰਹੱਸਵਾਦੀ ਕਵੀਆਂ ਦੇ ਪ੍ਰਮੁੱਖ ਹਨ।

### 15.4.2 ਅਧਿਆਤਮਵਾਦੀ ਕਾਵਿ

ਪ੍ਰਮਾਤਮਾ ਨਾਲ ਸੰਜੋਗ ਪ੍ਰਾਪਤ ਹੋਣ ਬਾਅਦ ਗੁਰੂ ਨਾਨਕ ਸਾਹਿਬ ਨੂੰ ਇਹ ਗਿਆਨ ਹੋਇਆ ਕਿ ਉਹ ਸਾਰੀ ਸ੍ਰਿਸ਼ਟੀ ਦਾ ਸਿਰਜਨਹਾਰ ਹੈ ਤੇ ਇਸ ਦੇ ਸਭ ਭਾਗਾਂ ਦਾ ਆਪਣੀ ਇੱਛਾ ਅਨੁਸਾਰ ਪ੍ਰਬੰਧ ਕਰਦਾ ਹੈ। ਕੁਦਰਤ, ਮਨੁੱਖ ਤੇ ਸਮਾਜ ਸਭ ਉਸਦੇ ਹੁਕਮ ਵਿੱਚ ਹਨ। ਇਹੋ ਜਿਹੇ ਵਿਸ਼ੇ ਦਰਸ਼ਨ-ਸ਼ਾਸਤਰ ਜਾਂ ਫ਼ਲਸਫ਼ੇ ਨਾਲ ਸੰਬੰਧਿਤ ਹੁੰਦੇ ਹਨ। ਗੁਰੂ ਨਾਨਕ ਸਾਹਿਬ ਰਹੱਸਵਾਦੀ ਹੋਣ ਦੇ ਨਾਲ ਨਾਲ ਇੱਕ ਮਹਾਨ ਦਰਸ਼ਨਵੇਤਾ (philospher) ਵੀ ਸਨ। ਉਨ੍ਹਾਂ ਦੀ ਅਜਿਹੇ ਵਿਸ਼ੇ ਵਾਲੀ ਕਵਿਤਾ ਨੂੰ "ਅਧਿਆਤਮਿਕ ਕਾਵਿ" ਕਿਹਾ ਜਾਂਦਾ ਹੈ।

### 15.4.3 ਉਪਦੇਸ਼ਾਤਮਕ ਕਾਵਿ

ਗੁਰੂ ਨਾਨਕ ਸਾਹਿਬ ਧਾਰਮਿਕ ਨੇਤਾਵਾਂ ਤੇ ਸਾਧਾਰਨ ਲੋਕਾਂ, ਸਭ ਨੂੰ ਉਪਦੇਸ਼ ਦੇਂਦੇ ਸਨ ਕਿ ਉਹ ਪਰਮਾਤਮਾ ਨਾਲ ਮਿਲਾਪ ਪ੍ਰਾਪਤ ਕਰਨ ਲਈ ਉਸ ਦੇ ਸਿਮਰਨ ਜਾਂ ਨਾਮ ਦਾ ਅਭਿਆਸ ਕਰਨ, ਇਹ ਵਿਸ਼ਾ ਉਨ੍ਹਾਂ ਦੀ ਬਾਣੀ ਵਿੱਚ ਹਰ ਥਾਂ ਵਿਆਪਕ ਹੈ ਤੇ ਇਹ ਉਨ੍ਹਾਂ ਦੀ ਕਵਿਤਾ ਦਾ "ਉਪਦੇਸ਼ਾਤਮਕ" ਅੰਸ਼ ਹੈ।

### 15.4.4 ਸਦਾਚਾਰ

ਗੁਰੂ ਨਾਨਕ ਸਾਹਿਬ ਨੇ ਨਾਮ ਜਪਣ ਦਾ ਪਹਿਲਾ ਪ੍ਰਭਾਵ ਇਹ ਦੱਸਿਆ ਹੈ ਕਿ ਇਹ ਵਿਅਕਤੀ ਦੀ ਮਤਿ ਨੂੰ ਪਾਪਾਂ ਤੋਂ ਧੋ ਕੇ ਪਵਿੱਤਰ ਕਰ ਦੇਂਦਾ ਹੈ ਤੇ ਉਸ ਦਾ ਆਚਰਣ ਸ਼ੁੱਧ ਹੋ ਜਾਂਦਾ ਹੈ:

> ਭਰੀਐ ਮਤਿ ਪਾਪਾਂ ਕੈ ਸੰਗਿ।
> ਉਹ ਧੋਪੈ ਨਾਵੈ ਕੈ ਰੰਗਿ। (ਜਪੁਜੀ, 20)

(ਜੇ ਮਨੁੱਖ ਦੀ ਬੁੱਧੀ ਪਾਪਾਂ ਨਾਲ ਮੈਲੀ ਹੋ ਜਾਏ ਤਾਂ ਉਹ ਨਾਮ ਦੇ ਪਿਆਰ ਨਾਲ ਸਾਫ਼ ਹੋ ਜਾਂਦੀ ਹੈ)

ਗੁਰੂ ਨਾਨਕ ਸਾਹਿਬ ਦਾ ਸਦਾਚਾਰ ਉੱਤੇ ਵਿਸ਼ੇਸ਼ ਜ਼ੋਰ ਦੇਣਾ ਉਨ੍ਹਾਂ ਨੂੰ ਸਾਧਾਰਨ ਉਪਦੇਸ਼ਕਾਂ ਤੋਂ ਵੱਖਰਿਆਉਂਦਾ ਹੈ ਜਿਹੜੇ ਧਰਮ ਦੇ ਰਸਮੀ ਪੂਜਾ-ਪਾਠ ਉੱਤੇ ਬਹੁਤਾ ਜ਼ੋਰ ਦੇ ਕੇ ਇਸ ਦੇ ਜੀਵਨ ਬਦਲਣ ਵਾਲੇ ਪੱਖ ਵੱਲੋਂ ਅਵੇਸਲੇ ਰਹਿੰਦੇ ਹਨ। ਉਨ੍ਹਾਂ ਨੇ ਦਇਆ ਤੇ ਸੰਤੋਖ ਨੂੰ ਧਰਮ ਦੇ ਸੱਜੇ ਖੱਬੇ ਬਿਠਾਇਆ ਹੈ:

> ਧੌਲੁ ਧਰਮੁ ਦਇਆ ਕਾ ਪੂਤੁ
> ਸੰਤੋਖੁ ਥਾਪਿ ਰਖਿਆ ਜਿਨਿ ਸੂਤਿ (ਜਪੁਜੀ, 16)

(ਧਰਤੀ ਹੇਠਲਾ ਚਿੱਟਾ ਬਲਦ ਅਸਲ ਵਿੱਚ ਧਰਮ ਅਰਥਾਤ ਫ਼ਰਜ਼-ਪੂਰਤੀ ਹੈ ਜੋ ਦਇਆ ਵਿੱਚੋਂ ਪੈਦਾ ਹੁੰਦੀ ਹੈ ਤੇ ਸੰਤੋਖ ਦੁਆਰਾ ਪੱਕੀ ਬਣਦੀ ਹੈ।)

### 15.4.5 ਸਮਾਜਿਕਤਾ

ਗੁਰੂ ਨਾਨਕ ਸਾਹਿਬ ਨੇ ਜਿਸ ਤਰ੍ਹਾਂ ਦੇ ਸਦਾਚਾਰਕ ਗੁਣਾਂ ਨੂੰ ਮਨੁੱਖੀ ਜੀਵਨ ਵਿੱਚ ਧਾਰਨ ਕਰਨ ਉੱਤੇ ਜ਼ੋਰ ਦਿੱਤਾ ਹੈ ਉਨ੍ਹਾਂ ਗੁਣਾਂ ਦਾ ਸੰਬੰਧ ਜੇ ਇੱਕ ਪਾਸੇ ਵਿਅਕਤੀ ਦੇ ਆਤਮਿਕ ਵਿਕਾਸ ਨਾਲ ਹੈ ਤਾਂ ਦੂਜੇ ਪਾਸੇ ਉਸ ਦੇ ਸਮਾਜ ਵਿੱਚ ਵਰਤੋਂ-ਵਿਹਾਰ ਨਾਲ ਵੀ ਹੈ। ਸਦਾਚਾਰ ਜਾਂ ਨੈਤਿਕਤਾ ਹਮੇਸ਼ਾ ਸਮਾਜਿਕ ਹੁੰਦੀ ਹੈ। ਗੁਰੂ ਨਾਨਕ ਸਾਹਿਬ ਨੇ ਸਮਾਜਿਕ ਊਚ-ਨੀਚ ਦੇ ਵਿਤਕਰਿਆਂ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ, ਜਾਤ-ਪਾਤ ਦਾ ਖੰਡਨ ਕੀਤਾ ਤੇ ਇਸਤਰੀ ਨੂੰ ਮੰਦਾ ਕਹਿਣ ਨੂੰ ਗ਼ਲਤ ਕਰਾਰ ਦਿੱਤਾ। ਉਹ ਰਾਜਸੀ ਅਤਿਆਚਾਰ ਦੇ ਵਿਰੁੱਧ ਵੀ ਦਲੇਰੀ ਨਾਲ ਬੋਲੇ। ਧਰਮ ਵਿਚ ਫੈਲੇ ਦੰਭ, ਪਾਖੰਡ, ਭੇਖ ਤੇ ਦਿਖਾਵੇ ਨੂੰ ਉਨ੍ਹਾਂ ਨੇ ਖ਼ੂਬ ਨੰਗਿਆਂ ਕੀਤਾ। ਉਨ੍ਹਾਂ ਨੇ ਹਿੰਦੂ, ਮੁਸਲਮਾਨ ਦੋਹਾਂ ਮਤਾਂ ਦੇ ਦੰਭ ਨੂੰ ਉਘਾੜਿਆ। ਧਰਮ ਦੇ ਖੇਤਰ ਵਿੱਚ ਉਹ ਪੱਖ-ਪਾਤ ਤੋਂ ਉੱਪਰ ਸਨ।

### 15.4.6 ਇਕਾਗਰਤਾ

ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚ ਸਦਾਚਾਰਕ, ਸਮਾਜਿਕ ਤੇ ਰਾਜਸੀ ਕ੍ਰਾਂਤੀ ਦੇ ਬੀਜ ਮੌਜੂਦ ਹਨ। ਪਰ ਆਪਣੇ ਵਿਸ਼ੇ ਦੇ ਇੱਡੇ ਵੱਡੇ ਫੈਲਾਓ ਦੇ ਬਾਵਜੂਦ ਉਹ ਇਸ ਦੇ ਸਭ ਅੰਗਾਂ ਨੂੰ ਇਕਾਗਰ ਰੱਖਦੇ ਹਨ। ਉਨ੍ਹਾਂ ਦੀ ਅੰਤ੍ਰੀਵ ਸੋਝੀ ਇਨ੍ਹਾਂ ਵਿਸ਼ਿਆਂ ਨੂੰ ਪਰਸਪਰ ਵਿਰੋਧ ਦਾ ਸ਼ਿਕਾਰ ਨਹੀਂ ਹੋਣ ਦੇਂਦੀ। ਇਕਾਗਰਤਾ ਦਾ ਗੁਣ ਸਭ ਵੱਡੇ ਲੇਖਕਾਂ ਵਿੱਚ ਨਜ਼ਰ ਆਉਂਦਾ ਹੈ।

### 15.4.7 ਮਹਾਨ ਕਵੀ

ਗੁਰੂ ਨਾਨਕ ਸਾਹਿਬ ਜੇ ਮਹਾਨ ਗੁਰੂ ਸਨ ਤਾਂ ਉਹ ਮਹਾਨ ਕਵੀ ਵੀ ਸਨ। ਉਨ੍ਹਾਂ ਨੂੰ ਕਵਿਤਾ ਦੇ ਤੋਲ-ਤੁਕਾਂਤ ਦੀ ਬਰੀਕ ਸੂਝ ਸੀ ਤੇ ਉਹ ਹਰ ਮੌਕੇ ਉੱਤੇ ਸਭ ਤੋਂ ਵੱਧ ਢੁੱਕਵੀਂ ਭਾਸ਼ਾ ਵਰਤਣ ਵਿੱਚ ਮਾਹਰ ਸਨ। ਉਨ੍ਹਾਂ ਦੀ ਸ਼ੈਲੀ ਵਿੱਚ ਸਪਸ਼ਟਤਾ ਤੇ ਸਰਲਤਾ ਦੇ ਗੁਣ ਬਹੁਤ ਵਿਆਪਕ ਹਨ। ਕਈ ਤਰ੍ਹਾਂ ਦੇ ਅਲੰਕਾਰ—ਉਪਮਾ, ਰੂਪਕ, ਆਦਿਕ ਉਨ੍ਹਾਂ ਦੀ ਕਵਿਤਾ ਨੂੰ ਚਾਰ ਚੰਨ ਲਾਉਂਦੇ ਤੇ ਸੁਹਜ ਸੁਆਦ ਨਾਲ ਭਰਪੂਰ ਕਰਦੇ ਹਨ। ਉਨ੍ਹਾਂ ਦੀਆਂ ਕੁੱਝ ਪ੍ਰਸਿੱਧ ਰਚਨਾਵਾਂ ਦੇ ਨਾਂ ਹਨ : ਜਪੁਜੀ, ਆਸਾ ਦੀ ਵਾਰ, ਸਿੱਧ ਗੋਸ਼ਟਿ, ਪੱਟੀ, ਓਅੰਕਾਰ, ਬਾਰਹਮਾਹਾ ਤੁਖਾਰੀ, ਆਦਿਕ (ਹੁਣ ਉਨ੍ਹਾਂ ਦਾ ਇੱਕ ਸਲੋਕ ਪੜ੍ਹੋ)

### 15.4.8 ਗੁਰੂ ਨਾਨਕ ਸਾਹਿਬ ਦਾ ਸ਼ਲੋਕ

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ।
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ।
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ।
ਮਿਠਤੁ ਨੀਵੀਂ ਨਾਨਕਾ, ਗੁਣ ਚੰਗਿਆਈਆਂ ਤਤੁ। (ਆਸਾ ਦੀ ਵਾਰ, 14)

**ਇਸ ਸਲੋਕ ਦੇ ਔਖੇ ਸ਼ਬਦਾਂ ਦੇ ਅਰਥ :**

**ਸਿੰਮਲ** - 'ਲਾਲ ਫੁੱਲਾਂ ਵਾਲਾ ਇੱਕ ਉੱਚਾ ਬਿਰਛ ਜਿਸ ਦੇ ਫਲ ਵਿੱਚੋਂ ਇੱਕ ਰੂੰ ਜੇਹੀ ਨਿਕਲਦੀ ਹੈ।' ਇਸ ਲਫਜ਼ ਦਾ ਸੰਸਕ੍ਰਿਤ ਰੂਪ 'ਸ਼ਾਲਮਲ' ਹੈ।

**ਰੁਖੁ** - ਦਰਖਤ, ਬਿਰਛ

**ਸਰਾਇਰਾ** - 'ਸਰ' ਦੇ ਅਰਥ ਹਨ, ਤੀਰ, 'ਆਇਆ' ਦੇ ਅਰਥ ਹਨ, ਵਰਗਾ। ਸੋ ਸਰਾਇਰਾ ਦੇ ਅਰਥ ਹੋਏ, ਤੀਰ ਵਰਗਾ, ਅਰਥਾਤ ਸਿੱਧਾ।

**ਦੀਰਘ** - ਲੰਮਾ

**ਮੁਚੁ** - ਵੱਡਾ ਜਾਂ ਮੋਟਾ

**ਓਇ** - ਉਹ ਪੰਛੀ

**ਬਕਬਕੇ** - ਬੇ ਸੁਆਦੇ

**ਪਤ** - ਪੱਤਰ

**ਨੀਵੀਂ** - ਨਿਮਰਤਾ

**ਤਤੁ** - ਸਾਰ, ਨਿਚੋੜ

**ਤੁਕਵਾਰ ਅਰਥ :**

1 ਸਿੰਮਲ ਦਾ ਬਿਰਛ ਸਿੱਧਾ, ਬਹੁਤ ਲੰਮਾ ਤੇ ਬਹੁਤ ਮੋਟਾ ਹੁੰਦਾ ਹੈ।
2 ਉਹ ਪੰਛੀ ਜੋ ਇਸ ਵੱਲ ਆਸ ਕਰਕੇ ਆਉਂਦੇ ਹਨ, ਉਹ ਨਿਰਾਸ ਹੋ ਕੇ ਕਿਉਂ ਜਾਂਦੇ ਹਨ ?
3 ਕਿਉਂਕਿ ਇਸ ਦੇ ਫਲ ਫਿੱਕੇ ਤੇ ਫੁੱਲ ਬੇਸੁਆਦੇ ਹੁੰਦੇ ਹਨ ਤੇ ਪੱਤੇ ਵੀ ਕਿਸੇ ਕੰਮ ਨਹੀਂ ਆਉਂਦੇ।
4 ਹੇ ਨਾਨਕ; ਮਿਠਾਸ ਤੇ ਨਿਮਰਤਾ ਸਭ ਗੁਣਾਂ ਤੇ ਚੰਗਿਆਈਆਂ ਦਾ ਤੱਤ ਸਾਰ ਹਨ।

**ਵਿਆਖਿਆ:**

ਸਿੰਮਲ ਦਾ ਰੁੱਖ ਦੇਖਣ ਨੂੰ ਉੱਚਾ, ਲੰਮਾ ਤੇ ਮੋਟਾ ਹੈ, ਉਸ ਦੀ ਸ਼ਕਲ ਬਹੁਤ ਸ਼ਾਨਦਾਰ ਹੈ, ਪਰ ਨਾ ਉਹ ਪੰਛੀਆਂ ਨੂੰ

ਆਪਣੇ ਫਲਾਂ ਤੇ ਫੁੱਲਾਂ ਦੁਆਰਾ ਰਜਾ ਸਕਦਾ ਹੈ, ਨਾਂ ਆਪਣੇ ਪੱਤਿਆਂ ਦੁਆਰਾ ਕਿਸੇ ਹੋਰ ਦਾ ਕੋਈ ਕੰਮ ਸੁਆਰ ਸਕਦਾ ਹੈ। ਜੇ ਉਸ ਵਿੱਚ ਮਿਠਾਸ ਹੁੰਦੀ ਤਾਂ ਉਹ ਪੰਛੀਆਂ ਨੂੰ ਚੰਗਾ ਲਗਦਾ। ਉਸ ਨਾਲੋਂ ਤਾਂ ਬੇਰੀ ਚੰਗੀ ਹੈ ਜੋ ਭਾਵੇਂ ਨੀਵੀਂ ਹੁੰਦੀ ਹੈ ਪਰ ਫਲ ਮਿੱਠੇ ਦੇਂਦੀ ਹੈ। ਬੇਰੀ ਦਾ ਨੀਵਾਂ ਹੋਣਾ ਤੇ ਮਿੱਠੇ ਫਲ ਦੇਣਾ ਦੋਵੇਂ ਗੱਲਾਂ ਸਾਨੂੰ ਚੰਗੀਆਂ ਲਗਦੀਆਂ ਹਨ, ਇਸੇ ਕਰਕੇ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਨਿਮਰਤਾ ਤੇ ਮਿਠਾਸ ਬਹੁਤ ਉੱਤਮ ਗੁਣ ਹਨ। ਜੇ ਅਸੀਂ ਬਿਰਛਾਂ ਦੇ ਪ੍ਰਮਾਣ ਮਨੁੱਖਾਂ ਉੱਤੇ ਘਟਾਈਏ ਤਾਂ ਕਹਾਂਗੇ ਕਿ ਜੇ ਕੋਈ ਸੰਤ ਮਹਾਤਮਾ ਵਧੀਆ ਭੇਖ ਧਾਰ ਲਵੇ ਪਰ ਉਪਦੇਸ਼ ਲੈਣ ਆਏ ਲੋਕਾਂ ਦੇ ਪੱਲੇ ਕੁੱਝ ਨਾ ਪਾ ਸਕੇ ਤਾਂ ਦੇਖਣ ਨੂੰ ਉਸ ਦਾ ਜਾਹੋ-ਜਲਾਲ ਕਿਸ ਕੰਮ ? ਫੋਕਾ ਭੇਖ ਤਾਂ ਉਸ ਵਿੱਚ ਫੋਕੀ ਆਕੜ ਤੇ ਫੋਕਾ ਹੰਕਾਰ ਹੀ ਪੈਦਾ ਕਰੇਗਾ। ਜਿਸ ਵਿੱਚ ਹੰਕਾਰ ਹੈ ਉਹ ਸੱਚਾ ਧਾਰਮਿਕ ਆਗੂ ਨਹੀਂ ਬਣ ਸਕਦਾ। ਮਿੱਠੇ ਸ਼ਬਦਾਂ ਤੇ ਨਿਮਰਤਾ ਭਰੇ ਲਹਿਜੇ ਨਾਲ ਦਿੱਤਾ ਉਪਦੇਸ਼ ਜਲਦੀ ਪਰਵਾਨ ਹੁੰਦਾ ਹੈ।

ਸੰਤਾਂ ਮਹਾਤਮਾਂ ਨੂੰ ਛੱਡ ਵੀ ਦੇਈਏ ਤਾਂ ਜਿਨ੍ਹਾਂ ਸਾਧਾਰਨ ਮਨੁੱਖਾਂ ਵਿੱਚ ਆਕੜ ਤੇ ਹੰਕਾਰ ਹੋਵੇ ਉਹ ਦੂਜਿਆਂ ਨੂੰ ਚੰਗੇ ਨਹੀਂ ਲਗਦੇ। ਉਹ ਹਰ ਗੱਲ ਵਿੱਚ ਆਪਣੇ ਆਪ ਨੂੰ ਵਡਿਆਉਂਦੇ ਹਨ, ਦੂਜੇ ਦੀ ਗੱਲ ਹੀ ਨਹੀਂ ਸੁਣਦੇ, ਆਪਣੀ ਹੀ ਮਾਰੀ ਜਾਂਦੇ ਹਨ। ਜੇ ਕੋਈ ਉਨ੍ਹਾਂ ਦੀ ਉਕਾਈ ਵੱਲ ਇਸ਼ਾਰਾ ਕਰੇ ਤਾਂ ਕਦੀ ਆਪਣੀ ਗਲਤੀ ਕਬੂਲ ਨਹੀਂ ਕਰਨਗੇ, ਆਪਣੀਆਂ ਸਫਾਈਆਂ ਦੇਈ ਜਾਣਗੇ। ਅਜਿਹੇ ਬੰਦਿਆਂ ਨਾਲ ਵਰਤਣਾ ਔਖਾ ਹੋ ਜਾਂਦਾ ਹੈ।

ਔਗਣਹਾਰਿਆਂ ਦੀ ਗੱਲ ਤਾਂ ਇੱਕ ਪਾਸੇ ਰਹੀ, ਹੰਕਾਰ ਤਾਂ ਗੁਣਾਂ ਵਾਲਿਆਂ ਦੇ ਗੁਣਾਂ ਦਾ ਮੁੱਲ ਵੀ ਘਟਾ ਦੇਂਦਾ ਹੈ। ਜੇ ਕੋਈ ਮਨੁੱਖ ਦਾਨ ਕਰੇ ਜਾਂ ਕੰਮ ਨੂੰ ਫਤਹਿ ਕਰੇ ਜਾਂ ਗੁੱਸੇ ਨੂੰ ਕਾਬੂ ਕਰ ਲਵੇ ਪਰ ਅਜਿਹੇ ਗੁਣਾਂ ਦਾ ਉਸ ਨੂੰ ਹੰਕਾਰ ਹੋ ਜਾਵੇ ਤਾਂ ਉਸਦੇ ਗੁਣ ਨਿਸਫਲ ਜਾਂਦੇ ਹਨ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਇੱਕ ਸਲੋਕ ਵਿੱਚ ਨੇਕ ਪਰ ਹੰਕਾਰੀ ਮਨੁੱਖ ਨੂੰ ਉਸ ਹਾਥੀ ਨਾਲ ਤੁਲਨਾ ਦਿੱਤੀ ਹੈ ਜੋ ਨਹਾ ਕੇ ਫੇਰ ਪਿੰਡੇ ਉੱਤੇ ਸੁਆਹ ਪਾ ਲੈਂਦਾ ਹੈ:

> ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ।
> ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨ। (ਸਲੋਕ ਵਾਰਾਂ ਤੇ ਵਧੀਕ)

ਤੇ ਜੇ ਨਿਮਰਤਾ ਨਾਲ ਮਿਠਾਸ ਰਲ ਜਾਵੇ ਤਾਂ ਸੋਨੇ ਉੱਤੇ ਸੁਹਾਗਾ ਹੈ। ਮਿੱਠ-ਬੋਲੜਾ ਮਨੁੱਖ ਕਿਸ ਨੂੰ ਚੰਗਾ ਨਹੀਂ ਲਗਦਾ ? ਕਈ ਲੋਕ ਬੜੇ ਫ਼ਖਰ ਨਾਲ ਕਹਿੰਦੇ ਹਨ ਕਿ ਸਾਨੂੰ ਸੱਚੀ ਗੱਲ ਅਗਲੇ ਦੇ ਮੂੰਹ ਉੱਤੇ ਕਹਿ ਦੇਣ ਦੀ ਆਦਤ ਹੈ, ਭਾਵੇਂ ਉਸ ਨੂੰ ਕੌੜੀ ਹੀ ਲੱਗੇ। ਇਹ ਕੋਈ ਫ਼ਖਰ ਕਰਨ ਵਾਲੀ ਆਦਤ ਨਹੀਂ। ਗੁਰੂ ਨਾਨਕ ਸਾਹਿਬ ਨੇ ਕੌੜਾ ਬੋਲਣਾ ਤਾਂ ਛੱਡੋ, ਫਿੱਕਾ ਬੋਲਣ ਵਾਲਿਆਂ ਨੂੰ ਵੀ ਸਖ਼ਤ ਤਾੜਨਾ ਕੀਤੀ ਹੈ:

> ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।
> ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।
> ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੈ ਪਾਇ।
> ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ (ਆਸਾ ਦੀ ਵਾਰ, 21)

**ਦੂਜਾ ਅਭਿਆਸ**

**ਨੋਟ:** ਹੇਠਾਂ ਲਿਖੇ ਸਵਾਲਾਂ ਦੇ ਉੱਤਰ ਖਾਲੀ ਛੱਡੀਆਂ ਹੋਈਆਂ ਥਾਵਾਂ ਉੱਤੇ ਦਿੱਤੇ ਜਾਣੇ ਹਨ। ਹਰ ਸਵਾਲ ਦਾ ਉੱਤਰ ਅੰਤ ਵਿੱਚ ਦਿੱਤਾ ਗਿਆ ਹੈ ਪਰ ਤੁਸੀਂ ਆਪਣਾ ਉੱਤਰ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਪੜ੍ਹਨ ਦਾ ਜਤਨ ਨਾ ਕਰੋ।

1 ਗੁਰੂ ਨਾਨਕ ਸਾਹਿਬ ਦੇ ਜੀਵਨ ਤੇ ਉੱਦੇਸ਼ਾਂ ਬਾਰੇ ਮੋਟੀ ਜਿਹੀ ਜਾਣਕਾਰੀ ਦਿਓ।

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

2 ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਮੁੱਖ ਵਿਸ਼ੇ ਕਿਹੜੇ ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

3 ''ਸਿੰਮਲ ਰੁਖ ਸਰਾਇਰਾ'' ਵਾਲੇ ਸਲੋਕ ਦੀ ਵਿਆਖਿਆ ਕਰੋ।

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 15.5 ਸ਼ਾਹ ਹੁਸੈਨ (1538-1599)

ਸ਼ਾਹ ਹੁਸੈਨ ਲਹੌਰ ਨਿਵਾਸੀ ਸੀ। ਉਸ ਦਾ ਪਿਤਾ, ਸ਼ੇਖ ਉਸਮਾਨ, ਜੁਲਾਹਾ ਸੀ ਤੇ ਨਵਾਂ-ਨਵਾਂ ਮੁਸਲਮਾਨ ਬਣਿਆ ਸੀ। ਸ਼ਾਹ ਹੁਸੈਨ ਦਾ ਵੀ ਇਹੀ ਕਿੱਤਾ ਤੇ ਮਜ਼ਹਬ ਸੀ। ਉਹ ਫਕੀਰੀ ਰੁਚੀਆਂ ਵਾਲਾ ਬੰਦਾ ਸੀ ਪਰ ਕਈ ਭੇਖੀ ਫਕੀਰਾਂ ਦੀ ਤਰ੍ਹਾਂ ਹਾਕਮ ਸ਼੍ਰੇਣੀ ਦਾ ਖ਼ੁਸ਼ਾਮਦੀ ਨਹੀਂ ਸੀ। ਉਹ ਅਮੀਰੀ ਠਾਠ-ਬਾਠ ਤੇ ਰੁਅਬ-ਦਾਬ ਤੋਂ ਦੂਰ ਰਹਿਣਾ ਚਾਹੁੰਦਾ ਸੀ ਅਤੇ ਗਰੀਬੀ, ਸਾਦਗੀ ਤੇ ਨਿਮਰਤਾ ਦੇ ਗੁਣਾਂ ਦਾ ਧਾਰਨੀ ਸੀ। ਉਸ ਦੇ ਜੀਵਨ ਦਾ ਮਨੋਰਥ ਧੰਨ ਕਮਾਉਣਾ ਤੇ ਪਰਵਾਰ ਨੂੰ ਪਾਲਣਾ ਨਹੀਂ ਸੀ, ਬਲਕਿ ਆਤਮਿਕ ਵਿਕਾਸ ਕਰਕੇ ਅੱਲਾ ਨਾਲ ਇੱਕ-ਮਿੱਕ ਹੋਣਾ ਸੀ। ਉਸਨੂੰ ਰੂਹਾਨੀ ਜ਼ਿੰਦਗੀ ਦਾ ਸੱਚਾ ਅਨੁਭਵ ਸੀ ਤੇ ਉਹ ਦਿਖਾਵੇ ਦੇ ਧਰਮ ਤੋਂ ਕੋਹਾਂ ਦੂਰ ਸੀ।

### 15.5.1 ਮਲਾਮਤੀ

ਸ਼ਾਹ ਹੁਸੈਨ ਦਾ ਸੰਬੰਧ ਮੁਸਲਮਾਨ ਫਕੀਰਾਂ ਦੇ "ਮਲਾਮਤੀ" ਫਿਰਕੇ ਨਾਲ ਸੀ ਜਿਸ ਦੇ ਮੈਂਬਰ ਲੋਕਾਂ ਦੀ ਵਾਹ-ਵਾਹ ਦੀ ਉੱਕਾ ਪਰਵਾਹ ਨਹੀਂ ਸੀ ਕਰਦੇ, ਸਗੋਂ ਜਾਣ ਬੁੱਝ ਕੇ ਅਜਿਹੇ ਕੰਮ ਕਰਦੇ ਸਨ ਜਿਨ੍ਹਾਂ ਨੂੰ ਦੇਖ ਕੇ ਕੱਟੜ ਤੇ ਕਰਮਕਾਂਡੀ ਮੁਸਲਮਾਨ ਨੱਕ ਮੂੰਹ ਵੱਟਣ ਅਤੇ ਉਨ੍ਹਾਂ ਦੀ ਨਿੰਦਾ ਕਰਨ। ਸ਼ਾਹ ਹੁਸੈਨ ਬੇਸਮਝ ਲੋਕਾਂ ਦੀ ਨਿੰਦਾ ਤੋਂ ਬੇਪਰਵਾਹ ਰਹਿੰਦਾ ਸੀ। ਉਹ ਆਪਣਾ ਬਹੁਤਾ ਸਮਾਂ ਅੱਲਾ ਦੇ ਪ੍ਰੇਮ ਵਿੱਚ ਮਸਤ ਰਹਿ ਕੇ ਬਿਤਾਉਂਦਾ ਸੀ ਤੇ ਬਾਕੀ ਦਾ ਸਮਾਂ ਆਪਣੇ ਨਿੰਦਕਾਂ ਤੇ ਨੁਕਤਾ-ਚੀਨੀ ਤੋਂ ਬਗਾਵਤ ਕਰਨ ਵਾਲੇ ਉਚੇਚੇ ਕੰਮਾਂ ਵਿੱਚ ਰੁੱਝ ਕੇ। ਕਈ ਲੋਕ ਉਸ ਨੂੰ ਮਸਤ-ਮਲੰਗ ਕਹਿੰਦੇ ਸਨ। ਉਨ੍ਹਾਂ ਦਾ ਇਸ਼ਾਰਾ ਉਸ ਦੀ ਮਸਤੀ ਦੇ ਦੋਹਾਂ ਪੱਖਾਂ ਵੱਲ ਹੁੰਦਾ ਸੀ, ਇੱਕ ਰੱਬੀ ਪ੍ਰੇਮ ਦੀ ਤੀਬਰਤਾ ਵਿੱਚ ਗੜੂੰਦ ਰਹਿਣ ਵਾਲੇ ਪੱਖ ਤੇ ਦੂਜਾ ਨਿੰਦਕਾਂ ਦੀ ਆਲੋਚਨਾ ਤੋਂ ਬੇ-ਪਰਵਾਹੀ ਵੱਲ। ਉਹ ਪੜ੍ਹਿਆ-ਲਿਖਿਆ ਨਾ ਹੋਣ ਕਰਕੇ ਗੋਸ਼ਟਾਂ ਤੇ ਬਹਿਸਾਂ ਵਿੱਚ ਨਹੀਂ ਸੀ ਪੈਂਦਾ, ਨਾ ਬੌਧਿਕ ਲੋਕਾਂ ਦਾ ਧਾਰਮਿਕ ਆਗੂ ਬਣਨ ਦਾ ਚਾਹਵਾਨ ਸੀ। ਉਹ ਸਾਧਾਰਨ ਨੇਕ ਲੋਕਾਂ ਨੂੰ ਵਧੇਰੇ ਪ੍ਰਭਾਵਿਤ ਕਰਦਾ ਸੀ।

### 15.5.2 ਦਲੇਰੀ

ਸ਼ਾਹ ਹੁਸੈਨ ਦੀ ਕਵਿਤਾ ਪੜ੍ਹ ਕੇ ਪਤਾ ਲਗਦਾ ਹੈ ਕਿ ਉਹ ਧੜੱਲੇਦਾਰ ਵਿਅਕਤੀ ਸੀ। ਉਸ ਦੀ ਕਵਿਤਾ ਦਾ ਕੇਂਦਰੀ ਵਿਸ਼ਾ ਰਹੱਸਵਾਦ ਹੈ। ਉਹ ਜਿਸ ਦਲੇਰੀ ਨਾਲ ਆਪਣੇ ਦੈਵੀ ਪ੍ਰੇਮ ਦਾ ਪ੍ਰਗਟਾ ਕਰਦਾ ਹੈ ਉਸੇ ਦਲੇਰੀ ਨਾਲ ਕਰਮਕਾਂਡੀ ਮਜ਼ਹਬ ਤੋਂ ਕਿਨਾਰਾਕਸ਼ੀ ਦਾ ਵਰਣਨ ਵੀ ਕਰਦਾ ਹੈ:

ਵੇ ਯਾਰ ਜਿਨ੍ਹਾਂ ਨੂੰ ਇਸ਼ਕ, ਤਿਨ੍ਹਾਂ ਕੱਤਣ ਕੇਹਾ ਅਲਬੇਲੀ ਕਿਉਂ ਕੱਤੇ।<br>
ਲੱਗਾ ਇਸ਼ਕ, ਚੁੱਕੀ ਮਸਲਾਹਤ, ਬਿਸਰੀਆਂ ਪੰਜੇ ਸੱਤੇ।<br>
ਘਾਇਲ ਮਾਇਲ ਫਿਰੇ ਦੀਵਾਨੀ, ਚਰਖੇ ਤੰਦ ਨ ਘੱਤੇ।<br>
ਮੇਰੀ ਤੇ ਮਾਹੀ ਦੀ ਪ੍ਰੀਤ ਚਰੋਕੀ, ਜਾਂ ਸਿਰ ਆਹੇ ਨ ਛੱਤੇ।<br>
ਕਹੈ ਹੁਸੈਨ ਫ਼ਕੀਰ ਨਿਮਾਣਾ, ਨੈਣ ਸਾਈਂ ਨਾਲ ਰੱਤੇ।

(ਅਲਬੇਲੀ-ਅੱਲਾ ਦੇ ਰੰਗ ਵਿੱਚ ਮਸਤ; ਕੱਤਣ-ਕਰਮਕਾਂਡ ਲਈ ਇਹ ਰੂਪਕ ਅਲੰਕਾਰ ਹੈ; ਮਸਲਾਹਤ-ਧਾਰਮਿਕ ਮਸਲੇ ਜੋ ਵਾਧੂ ਝਗੜੇ ਪੈਦਾ ਕਰਦੇ ਹਨ)

ਸ਼ਾਹ ਹੁਸੈਨ ਨੂੰ ਅੱਲਾ ਨਾਲ ਪ੍ਰੇਮ ਬਚਪਨ ਤੋਂ ਹੀ ਲੱਗ ਗਿਆ ਸੀ ਜਦੋਂ ਹਾਲੇ ਉਸ ਦੇ ਸਿਰ ਉੱਤੇ ਵਾਲ (ਛੱਤੇ) ਵੀ ਨਹੀਂ ਸੀ ਉੱਗੇ। ਉਸ ਦੇ ਨੈਣ ਸਾਰੀ ਉਮਰ ਆਪਣੇ ਸਾਈਂ ਦੇ ਪ੍ਰੇਮ ਵਿੱਚ ਰੰਗੇ ਰਹੇ। ਕਦੇ ਉਸਨੂੰ ਸਾਈਂ ਦੇ ਦਰਸ਼ਨ ਹੋ ਜਾਂਦੇ ਸਨ ਤੇ ਕਦੇ ਨਹੀਂ ਸਨ ਹੁੰਦੇ। ਇਹ ਲੁਕਣਮੀਚੀ ਰਹੱਸਵਾਦੀ ਜੀਵਨ ਵਿੱਚ ਆਮ ਵਰਤੀਂਦੀ ਹੈ। ਸ਼ਾਹ ਹੁਸੈਨ ਦੀ ਕਵਿਤਾ ਇਨ੍ਹਾਂ ਦੋਹਾਂ ਰੰਗਾਂ ਨਾਲ ਭਰੀ ਪਈ ਹੈ ਪਰ ਇਸ ਵਿੱਚ ਸੰਜੋਗੇ ਨਾਲੋਂ ਵਿਜੋਗ ਦਾ ਵਰਣਨ ਬਹੁਤ ਜ਼ਿਆਦਾ ਹੈ। ਉਂਜ ਥੋੜ੍ਹਾ ਜਿਹਾ ਸੰਜੋਗ ਦਾ ਵਰਣਨ ਵੀ ਇਸ ਗੱਲ ਦਾ ਸਬੂਤ ਹੈ ਕਿ ਉਸ ਦਾ ਰੂਹਾਨੀ ਇਸ਼ਕ ਸਿਰੇ ਜ਼ਰੂਰ ਚੜ੍ਹਿਆ। ਵਿਜੋਗ ਦੀ ਕਸਕ ਉਸਨੇ ਬਹੁਤ ਝੱਲੀ ਤੇ ਇਸ ਦੌਰਾਨ ਉਹ ਪੰਜ ਨਮਾਜ਼ਾਂ ਪੜ੍ਹਨ ਵਰਗੀ ਧਾਰਮਿਕ ਮਰਯਾਦਾ ("ਪੰਜੇ ਸੱਤੇ") ਭੁੱਲ ਜਾਂਦਾ ਰਿਹਾ। ਧਾਰਮਿਕ ਮਰਯਾਦਾ ਪਾਲਣ ਨੂੰ ਉਹ ਚਰਖਾ ਕੱਤਣ ਨਾਲ ਤੁਲਨਾ ਦੇਂਦਾ ਹੈ। ਰਹੱਸਵਾਦ ਤੇ ਕਰਮਕਾਂਡ ਤੋਂ ਬਗਾਵਤ ਦੇ ਦੋ ਮੁੱਖ ਵਿਸ਼ਿਆਂ ਤੋਂ ਛੁੱਟ ਸੰਸਾਰ ਦੀ ਨਾਸ਼ਮਾਨਤਾ ਦਾ ਵਰਣਨ ਸ਼ਾਹ ਹੁਸੈਨ ਦੀ ਕਵਿਤਾ ਦਾ ਤੀਜਾ ਵੱਡਾ ਵਿਸ਼ਾ ਹੈ। ਅਸੀਂ ਉਸ ਦੀ ਜੋ ਕਵਿਤਾ ਚੁਣੀ ਹੈ ਉਹ ਸੰਜੋਗ ਨਾਲ ਸੰਬੰਧਿਤ ਹੈ।

### 15.5.3 ਬੋਲੀ

ਸ਼ਾਹ ਹੁਸੈਨ ਦੀ ਭਾਸ਼ਾ ਲੋਕਾਂ ਦੀ ਬੋਲੀ ਤੇ ਮੁਹਾਵਰੇ ਦੇ ਨੇੜੇ ਹੈ। ਉਸ ਦੀਆਂ ਕਾਫੀਆਂ ਲੋਕਾਂ ਦੇ ਮੂੰਹ ਚੜ੍ਹੀਆਂ ਹੁੰਦੀਆ ਸਨ ਤੇ ਉਹ ਉਨ੍ਹਾਂ ਨੂੰ ਖ਼ੂਬ ਗਾਉਂਦੇ ਸਨ। ਸ਼ਾਹ ਹੁਸੈਨ ਦੀ ਪਦਵੀ ਪੰਜਾਬੀ ਦੇ ਗੀਤ ਲਿਖਣ ਵਾਲਿਆਂ ਵਿੱਚ ਬਹੁਤ ਉੱਚੀ ਹੈ। ਹੁਣ ਪੜ੍ਹੋ ਉਸ ਦੀ ਇੱਕ ਮਸ਼ਹੂਰ ਕਾਫੀ:

### 15.5.4 ਤਿੰਨ੍ਹਾਂ ਨੂੰ ਗ਼ਮ ਕੈਂਦਾ

ਸਾਈਂ ਜਿਨ੍ਹਾਂ ਦੇ ਵੱਲ ਤਿਨ੍ਹਾਂ ਨੂੰ ਗ਼ਮ ਕੈਦਾਂ ਵੇ ਲੋਕਾ   ਰਹਾਉ।
ਸੋਈ ਭਲੀਆਂ ਜੋ ਰੱਬ ਵੱਲ ਆਈਆਂ ਜਿਨ੍ਹਾਂ ਨੂੰ ਇਸ਼ਕ ਚਰੋਕਾ, ਵੇ ਲੋਕਾ ।1।
ਇਸ਼ਕੇ ਦੀ ਸਿਰ ਖਾਰੀ ਚਾਈਆਂ ਦਰ ਦਰ ਦੇਨੀਆਂ ਹੋਕਾ, ਵੇ ਲੋਕਾ ।2।
ਕਹੈ ਹੁਸੈਨ ਫਕੀਰ ਸਾਈਂ ਦਾ, ਲੱਧਾਈ ਪ੍ਰੇਮ-ਝਰੋਖਾ, ਵੇ ਲੋਕਾ।3।
ਸਾਈਂ ਜਿਨ੍ਹਾਂਦੜੀ ਵੱਲ, ਤਿੰਨ੍ਹਾਂ ਨੂੰ ਗ਼ਮ ਕੈਂਦਾ, ਵੇ ਲੋਕਾ।
ਹੌਂ ਮੈਂ ਵਾਰੀ, ਗਮ ਕੈਂਦਾ ਵੇ ਲੋਕਾ।4।

**ਔਖੇ ਸ਼ਬਦਾਂ ਦੇ ਅਰਥ:**

**ਕੈਂਦਾ** - ਕਾਹਦਾ।
**ਚਿਰੋਕਾ** - ਚਿਰ ਦਾ, ਪੁਰਾਣਾ, ਸ਼ੁਰੂ ਤੋਂ ਚਲਿਆ ਆ ਰਿਹਾ
**ਖਾਰੀ** - ਟੋਕਰੀ।
**ਚਾਈਆ** - ਚੁੱਕੀ ਹੈ।
**ਲੱਧਾ** - ਲੱਭ ਲਿਆ ਹੈ।
**ਝਰੋਖਾ**- ਮੋਘਾ ਜਾਂ ਝੀਤ।
**ਪ੍ਰੇਮ-ਝਰੋਖਾ** - ਪ੍ਰੀਤਮ ਦੇ ਘਰ ਦੀ ਬਾਰੀ ਜਿਸ ਵਿੱਚੋਂ ਝਾਤੀ ਪਾ ਕੇ ਉਸ ਦੇ ਦਰਸ਼ਨ ਹੋ ਸਕਦੇ ਹਨ।
**ਸਾਂਈ** - ਮਾਲਕ, ਅੱਲਾ।
**ਰਹਾਉ** - ਜਿਸ ਤੁੱਕ ਦੇ ਅੱਗੇ "ਰਹਾਉ" ਲਿਖਿਆ ਹੋਵੇ ਉਹ ਸਾਰੀ ਕਵਿਤਾ ਦੀ ਕੇਂਦਰੀ ਤੁੱਕ ਹੁੰਦੀ ਹੈ ਤੇ ਗਾਉਣ ਵਾਲੇ ਇਸ ਨੂੰ ਬਾਰ-ਬਾਰ ਦੁਹਰਾਉਂਦੇ ਹਨ।

**ਤੁਕਵਾਰ ਅਰਥ:**

1) ਹੇ ਲੋਕੋ! ਉਨ੍ਹਾਂ ਰੱਬ ਦੇ ਪ੍ਰੇਮੀਆਂ ਨੂੰ ਕਾਹਦਾ ਗ਼ਮ ਹੈ, ਅਰਥਾਤ ਕੋਈ ਗ਼ਮ ਨਹੀਂ, ਜਿਨ੍ਹਾਂ ਦੀ ਸਹਾਇਤਾ ਕਰਨ ਵਾਲਾ ਉਹ ਆਪ ਹੈ।

2) ਹੇ ਲੋਕੋ! ਜਿਨ੍ਹਾਂ ਇਸਤਰੀਆਂ, ਅਰਥਾਤ ਦੈਵੀ ਪ੍ਰੇਮੀਆਂ ਨੇ ਆਪਣਾ ਸਾਰਾ ਜੀਵਨ, ਛੋਟੀ ਉਮਰ ਤੋਂ ਸ਼ੁਰੂ ਕਰਕੇ, ਰੱਬ ਦੇ ਪ੍ਰੇਮ ਨੂੰ ਅਰਪਣ ਕਰ ਦਿੱਤਾ ਹੈ, ਉਹ ਬਹੁਤ ਉੱਤਮ ਹਨ।

3) ਹੇ ਲੋਕੋ! ਮੈਂ ਦੈਵੀ ਪ੍ਰੇਮ ਦੀ ਟੋਕਰੀ ਸਿਰ ਉੱਤੇ ਚੁੱਕ ਕੇ ਗਲੀਆਂ ਕੂਚਿਆਂ ਵਿੱਚ ਹੋਕੇ ਦੇਂਦੀ ਫਿਰਦੀ ਹਾਂ (ਕਿ ਇਸ਼ਕ ਖਰੀਦ ਲਓ, ਅਰਥਾਤ ਰੱਬ ਨੂੰ ਪ੍ਰੇਮ ਕਰੋ)

4) ਹੇ ਲੋਕੋ! ਮੈਂ ਸ਼ਾਹ ਹੁਸੈਨ, ਆਪਣੇ ਮਾਲਕ ਰੱਬ ਵੱਲ ਲੱਗਾ ਹੋਇਆ ਫ਼ਕੀਰ ਹਾਂ। ਮੈਨੂੰ ਆਪਣੇ ਪ੍ਰੀਤਮ ਦੇ ਮਹਿਲ ਦੀ ਬਾਰੀ ਲੱਭ ਪਈ ਹੈ (ਜਿੱਥੋਂ ਮੈਨੂੰ ਉਸ ਦੇ ਦਰਸ਼ਨ ਹੁੰਦੇ ਹਨ, ਅਰਥਾਤ ਮੈਂ ਦੈਵੀ ਸੰਜੋਗ ਪਾ ਲਿਆ ਹੈ) 5,6 ਇਹ ਦੂਹਰਾ ਹੈ।

**ਵਿਆਖਿਆ :**

ਜਦ ਸ਼ਾਹ ਹੁਸੈਨ ਦਾ ਰੂਹਾਨੀ ਵਿਕਾਸ ਉੱਚੇ ਦਰਜਿਆਂ ਨੂੰ ਛੂਹਣ ਲੱਗ ਪਿਆ ਤਾਂ ਉਸ ਨੂੰ ਅਨੁਭਵ ਹੋਇਆ ਕਿ ਅੱਲਾ ਹਰ ਦਮ ਉਸਦੇ ਅੰਗ-ਸੰਗ ਹੈ ਤੇ ਹਰ ਮੌਕੇ ਉੱਤੇ ਉਸਨੂੰ ਬਹੁੜਦਾ ਹੈ। ਇਹ ਪਰਮਾਤਮਾ ਦਾ ਬਿਰਦ ਹੈ ਕਿ ਉਹ ਆਪਣੇ ਭਗਤਾਂ ਦੀ ਸਦਾ ਲਾਜ ਰੱਖਦਾ ਹੈ ਤੇ ਉਨ੍ਹਾਂ ਦੇ ਸਭ ਮਸਲੇ ਹੱਲ ਕਰਦਾ ਹੈ। ਜਦ ਪਰਮਾਤਮਾ ਦੇ ਪ੍ਰੇਮੀ ਨੂੰ ਉਸਦੇ ਦਿਆਲੂ ਸੁਭਾ ਦਾ ਪਤਾ ਲੱਗ ਜਾਂਦਾ ਹੈ ਤਾਂ ਉਹ ਬਹੁਤ ਹੈਰਾਨ ਹੁੰਦਾ ਹੈ। ਉਹ ਵਿਸਮਾਦ ਵਿੱਚ ਆ ਜਾਂਦਾ ਹੈ ਤੇ ਖੁਸ਼ੀ ਨਾਲ ਝੂਮ ਉੱਠਦਾ ਹੈ। ਉਸ ਨੂੰ ਸਭ ਦੁੱਖ ਭੁੱਲ ਜਾਂਦੇ ਹਨ।

ਸ਼ਾਹ ਹੁਸੈਨ ਦਾ ਜੀ ਕਰਦਾ ਹੈ ਕਿ ਉਹ ਇਹੋ ਜਿਹੇ ਵਧੀਆ ਪ੍ਰੀਤਮ ਦੀ ਖ਼ਬਰ ਸਭ ਨੂੰ ਸੁਣਾਵੇ ਤਾਂ ਜੋ ਉਹ ਵੀ ਉਸ ਦੇ ਲੜ ਲੱਗ ਕੇ ਆਪਣੇ ਸਭ ਦੁੱਖਾਂ ਤੇ ਸੰਕਟਾਂ ਤੋਂ ਪਾਰ ਹੋ ਜਾਣ। ਰੱਬ ਨੂੰ ਪ੍ਰੇਮ ਕਰਨ ਵਾਲੇ ਦੇ ਅੰਦਰ ਹੋਰਨਾਂ ਮਨੁੱਖਾਂ ਲਈ ਵੀ ਪ੍ਰੇਮ ਦਾ ਸਾਗਰ ਠਾਠਾਂ ਮਾਰਨ ਲੱਗ ਪੈਂਦਾ ਹੈ। ਸ਼ਾਹ ਹੁਸੈਨ ਨੂੰ ਯਕੀਨ ਹੋ ਚੁੱਕਾ ਹੈ ਕਿ ਦੁਨੀਆ ਦੇ ਅਨਗਿਣਤ ਲੋਕਾਂ ਵਿੱਚੋਂ ਉਹ ਵਿਰਲੇ ਹੀ ਸਭ ਤੋਂ ਉੱਚੇ ਉੱਠ ਸਕਣਗੇ ਜਿਹੜੇ ਰੱਬ ਨੂੰ ਦਿਲਹੁ ਮੁਹੱਬਤ ਕਰਦੇ ਹਨ।

ਇਹ ਕਾਫ਼ੀ ਐਲਾਨੀਆਂ ਲਹਿਜੇ ਵਿੱਚ ਉਚਾਰੀ ਗਈ ਹੈ। ਇਸ ਵਿੱਚੋਂ ਦੈਵੀ ਇਸ਼ਕ ਦੀ ਕੀਮਤ ਪ੍ਰਤੀਤ ਹੋ ਜਾਣ ਦਾ ਡੂੰਘਾ ਅਹਿਸਾਸ ਟਪਕਦਾ ਹੈ। ਕਵੀ ਇੱਕ ਸਿੱਧਾਂਤ ਸਥਾਪਿਤ ਕਰਦਾ ਹੈ ਕਿ ਇਸ਼ਕ ਨਾਲ ਬੇੜੇ ਪਾਰ ਹੁੰਦੇ ਹਨ।

ਇਸ ਕਾਫ਼ੀ ਦੀ ਸੌਖੀ ਭਾਸ਼ਾ ਤੇ ਸਰਲ ਸ਼ੈਲੀ ਇਸ ਨੂੰ ਵਧੀਆ ਗੀਤ ਬਣਾਉਣ ਵਿੱਚ ਸਹਾਈ ਹਨ। ਇਸ ਵਿੱਚ

ਜਜ਼ਬੇ ਦੀ ਸੱਚਾਈ ਭਰਪੂਰ ਹੈ। ਸਿਰ ਉੱਤੇ ਟੋਕਰਾ ਚੁੱਕ ਕੇ ਦਰ-ਦਰ ਇਸ਼ਕ ਵੇਚਣ ਵਾਲੀ ਪ੍ਰੇਮਣ ਦਾ ਚਿੱਤਰ ਕਿੰਨਾ ਖਿੱਚ ਪਾਉਣ ਵਾਲਾ ਹੈ।

### 15.5.5 'ਕਾਫੀ' ਉੱਤੇ ਇੱਕ ਨੋਟ

ਸ਼ਾਹ ਹੁਸੈਨ ਨੇ ਹਰ-ਮਨ-ਪਿਆਰੀਆਂ ਕਾਫ਼ੀਆਂ ਬਹੁਤ ਲਿਖੀਆਂ ਪਰ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਉਸ ਤੋਂ ਵੀ ਵੱਧ ਲੋਕਾਂ ਦੇ ਮੂੰਹ ਚੜ੍ਹੀਆਂ। ਅਲੀ ਹੈਦਰ, ਹਾਸ਼ਮ ਤੇ ਮੀਰਾਂ ਸ਼ਾਹ ਜਲੰਧਰੀ ਨੇ ਥੋਹੜੀਆਂ ਜਿਹੀਆਂ ਕਾਫ਼ੀਆਂ ਦੀ ਰਚਨਾ ਕੀਤੀ। ਸਿੱਖ ਗੁਰੂਆਂ ਦੀਆਂ ਵੀ ਅੱਠ ਕਾਫ਼ੀਆਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।

ਪ੍ਰੋ: ਤੇਜਾ ਸਿੰਘ ਅਨੁਸਾਰ, "ਕਾਫ਼ੀ ਪੰਜਾਬ ਦੇ ਦੱਖਣ-ਪੱਛਮ ਵੱਲੋਂ ਆਈ, ਜਿੱਧਰੋਂ ਸੂਫ਼ੀ ਮਤ ਦੇ ਫ਼ਕੀਰ ਲੋਕ ਆਏ। ਇਹ ਸੂਫ਼ੀ ਫ਼ਕੀਰਾਂ ਦੀਆਂ ਮਜਲਸਾਂ ਦੀ ਜੰਮ-ਪਲ ਹੈ। ਇਹ ਕੋਈ ਖ਼ਾਸ ਰਾਗ ਨਹੀਂ, ਅਤੇ ਨ ਛੰਦਾ-ਬੰਦੀ ਦੀ ਕੋਈ ਖ਼ਾਸ ਜ਼ਾਤ ਹੈ, ਜਿਸ ਦੀਆਂ ਮਾਤ੍ਰਾ ਤੇ ਰੂਪ ਕਿਸੇ ਨੇਮ ਹੇਠਾਂ ਬਨ੍ਹ ਸਕਦੇ ਹੋਣ। 'ਕਾਫ਼ੀ' ਦਾ ਮਹਿਨਾ ਵਾਰ-ਵਾਰ ਆਉਣਾ ਹੈ। ਜਦ ਸੂਫ਼ੀ ਫ਼ਕੀਰ ਪ੍ਰੇਮ-ਰਸ ਭਰੇ ਪਦ ਗਾਉਣ ਲਈ ਅਖਾੜਾ ਰਚਦੇ ਹਨ, ਤਾਂ ਇੱਕ ਮੁਖੀਆ ਅੱਗੇ ਅੱਗੇ ਉੱਚੀ ਸੁਰ ਨਾਲ ਰੱਬ ਦੇ ਪਿਆਰ ਵਿੱਚ ਕੁੱਝ ਗਾਉਂਦਾ ਹੈ ਤੇ ਬਾਕੀ ਦੇ ਸਿਰ ਹਿਲਾ-ਹਿਲਾ ਕੇ ਤਾਲ ਦਿੰਦੇ ਰਹਿੰਦੇ ਹਨ, ਪਰ ਜਦੋਂ ਬੰਦ ਦੀ ਅੰਤਲੀ ਸਤਰ ਆਉਂਦੀ ਹੈ ਤਾਂ ਸਾਰੇ ਉਸ ਨੂੰ ਰਲ ਕੇ ਗਾਉਂਦੇ ਹਨ। ਬਸ ਇੱਕ ਦੇ ਪਿਛੇ ਰੱਲ ਕੇ ਗਾਈ ਜਾਣ ਵਾਲੀ ਧਾਰਨਾ ਦੇ ਸਬਬ ਇਸ ਗੀਤ ਦਾ ਨਾਂ "ਕਾਫ਼ੀ" ਪੈ ਗਿਆ ਹੈ।"

(ਨਵੀਆਂ ਸੋਚਾਂ)

**ਤੀਜਾ ਅਭਿਆਸ**

**ਨੋਟ:** ਪ੍ਰਸ਼ਨ ਦੇ ਉੱਤਰ ਖ਼ਾਲੀ ਛੱਡੀਆਂ ਥਾਵਾਂ ਉੱਤੇ ਦਿਓ।

1 ਸ਼ਾਹ ਹੁਸੈਨ ਦੇ ਮਲਾਮਤੀ ਫ਼ਿਰਕੇ ਨਾਲ ਸੰਬੰਧਿਤ ਹੋਣ ਦੇ ਕੀ ਅਰਥ ਹਨ?

..............................................................................................................

..............................................................................................................

..............................................................................................................

..............................................................................................................

..............................................................................................................

2 ਸ਼ਾਹ ਹੁਸੈਨ ਦੀ ਕਾਫ਼ੀ "ਤਿੰਨ੍ਹਾ ਨੂੰ ਗ਼ਮ ਕੈਂਦਾ" ਦੀ ਵਿਆਖਿਆ ਕਰੋ।

..............................................................................................................

..............................................................................................................

..............................................................................................................

..............................................................................................................

..............................................................................................................

## 15.6 ਵਾਰਿਸ ਸ਼ਾਹ (1735-1784)

ਵਾਰਿਸ ਸ਼ਾਹ ਦਾ ਜਨਮ ਜੰਡਿਆਲਾ ਸ਼ੇਰ ਖਾਂ, ਜ਼ਿਲ੍ਹਾ ਸ਼ੇਖੂਪੁਰਾ ਵਿੱਚ, ਜੋ ਹੁਣ ਪਾਕਿਸਤਾਨ ਵਿੱਚ ਹੈ, ਪਿਤਾ ਕੁਤਬ ਸ਼ਾਹ ਦੇ ਘਰ, ਸੰਨ 1735 ਈਸਵੀ ਵਿੱਚ ਹੋਇਆ। ਉਸ ਨੇ ਬਾਬਾ ਫ਼ਰੀਦ ਦੇ ਗੱਦੀਦਾਰਾਂ ਤੋਂ ਇਸਲਾਮੀ ਸਿੱਖਿਆ ਪ੍ਰਾਪਤ ਕੀਤੀ। ਉਸ ਨੇ ਆਪਣੀ ਪ੍ਰਸਿੱਧ ਰਚਨਾ, ਕਿੱਸਾ ਹੀਰ, ਸੰਨ 1765 ਵਿੱਚ ਲਿਖੀ। ਉਸ ਦਾ ਦੇਹਾਂਤ 1784 ਈ: ਵਿੱਚ ਹੋਇਆ।

### 15.6.1 ਪ੍ਰੇਮ ਕਹਾਣੀ

ਵਾਰਿਸ ਦਾ ਹੀਰ ਦਾ ਕਿੱਸਾ ਪ੍ਰਸਿੱਧ ਹੋਣ ਦਾ ਇੱਕ ਕਾਰਨ ਤਾਂ ਇਹ ਹੈ ਕਿ ਇਸ ਵਿੱਚ ਇੱਕ ਅਤਿਅੰਤ ਸੁੰਦਰ ਲੜਕੀ, ਹੀਰ ਦਾ ਇੱਕ ਅਤਿਅੰਤ ਸੁੰਦਰ ਲੜਕੇ, ਰਾਂਝੇ ਨਾਲ ਪ੍ਰੇਮ ਪੈਣ ਤੇ ਅੰਤ ਤਕ ਨਿਭਾਏ ਜਾਣ ਦੀ ਕਹਾਣੀ ਹੈ। ਕੁਆਰੀ ਹੀਰ ਦੇ ਇਸ਼ਕ ਨੂੰ ਉਸਦੇ ਮਾਪੇ, ਭਰਾ, ਸਾਕ-ਸੰਬੰਧੀ ਤੇ ਸਮਾਜ ਦੇ ਵੱਡੀ ਉਮਰ ਦੇ ਲੋਕ ਬੁਰੀ ਨਜ਼ਰ ਨਾਲ ਦੇਖਦੇ ਸਨ। ਓਦੋਂ ਖੁੱਲ੍ਹੇ ਪਿਆਰ ਤੇ ਮਨਮਰਜ਼ੀ ਦੇ ਵਿਆਹ ਦਾ ਰਿਵਾਜ ਹਾਲੇ ਘੱਟ ਸੀ। ਹੀਰ ਸਮਝਦੀ ਸੀ ਕਿ ਮੇਰਾ ਪਿਆਰ ਸੱਚਾ-ਸੁੱਚਾ ਹੈ ਤੇ ਰੱਬ ਦੇ ਦਰਬਾਰ ਵਿੱਚ ਮਨਜ਼ੂਰ ਹੈ। ਹੀਰ ਦਾ ਪਿਉ ਚੂਚਕ ਸੋਚਦਾ ਹੈ ਕਿ ਰਾਂਝਾ ਸਾਡੇ ਘਰ ਦੀਆਂ ਮੱਝਾਂ ਚਾਰਨ ਲਈ ਰੱਖਿਆ ਹੋਣ ਕਰਦੇ ਸਾਡਾ ਨੌਕਰ ਹੈ, ਇਸ ਲਈ ਉਸ ਨਾਲ ਆਪਣੀ ਧੀ ਦਾ ਵਿਆਹ ਕਰਨ ਨਾਲ ਸਮਾਜ ਵਿੱਚ ਸਾਡੀ ਇੱਜ਼ਤ ਘਟਦੀ ਹੈ। ਉਸ ਸਮੇਂ ਬਰਾਬਰ ਦੇ ਘਰਾਣਿਆਂ ਵਿਚਕਾਰ ਸਾਕ ਹੁੰਦੇ ਸਨ।

### 15.6.2 ਨਾਟਕੀ ਸ਼ੈਲੀ

ਵਾਰਿਸ ਦੇ ਕਿੱਸੇ ਦੀ ਪ੍ਰਸਿੱਧੀ ਦਾ ਦੂਜਾ ਕਾਰਨ ਇਸ ਦੀ ਨਾਟਕੀ ਕਹਾਣੀ ਹੈ। ਨਾਟਕੀ ਸ਼ੈਲੀ ਦਾ ਅਰਥ ਹੈ ਦੋ ਧਿਰਾਂ ਵਿੱਚ ਟੱਕਰ ਦਿਖਾ ਕੇ ਕਹਾਣੀ ਨੂੰ ਅੱਗੇ ਤੋਰਨਾ। ਵਾਰਿਸ ਨੇ ਕਈ ਤਰ੍ਹਾਂ ਦੀਆਂ ਟੱਕਰਾਂ ਦਿਖਾਈਆਂ ਹਨ। ਹੀਰ ਨੂੰ ਮਿਲਣ ਤੋਂ ਪਹਿਲਾਂ ਜਦ ਰਾਂਝਾ ਆਪਣੇ ਪਿਓ ਕੋਲ ਰਹਿੰਦਾ ਹੈ ਤਾਂ ਭਰਾਵਾਂ ਦੀ ਈਰਖਾ ਦਾ ਸ਼ਿਕਾਰ ਹੁੰਦਾ ਹੈ। ਇਹ ਇੱਕ ਟੱਕਰ ਹੈ। ਉਸਦੀ ਦੂਜੀ ਹੀਰ ਦੀ ਬੇੜੀ ਦੇ ਮਲਾਹ ਲੁੱਡਣ ਨਾਲ ਹੁੰਦੀ ਹੈ। ਹੀਰ ਦੀ ਇੱਕ ਟੱਕਰ ਆਪਣੇ ਚਾਚੇ ਕੈਦੋਂ ਨਾਲ ਹੁੰਦੀ ਹੈ ਤੇ ਹੋਰ ਟੱਕਰਾਂ ਮਾਂ, ਪਿਓ ਤੇ ਭਰਾਵਾਂ ਨਾਲ ਹੁੰਦੀਆਂ ਹਨ। ਜਦੋਂ ਮਾਪੇ ਹੀਰ ਦਾ ਵਿਆਹ ਰੰਗਪੁਰ ਖੇੜਿਆਂ ਦੇ ਮੁੰਡੇ ਸੈਦੇ ਨਾਲ ਕਰਨ ਲਗਦੇ ਹਨ ਤਾਂ ਵਿਆਹ ਪੜ੍ਹਾਉਣ ਵਾਲੇ ਕਾਜ਼ੀ ਨਾਲ ਹੀਰ ਦੀ ਕਰਾਰੀ ਬਹਿਸ ਹੁੰਦੀ ਹੈ। ਹੀਰ ਤੇ ਰਾਂਝਾ ਥਾਂ-ਥਾਂ ਤੇ ਟੱਕਰਾਂ ਦਾ ਸ਼ਿਕਾਰ ਹੁੰਦੇ ਅੰਤ ਨੂੰ ਜਾਨਾਂ ਤੋਂ ਹੱਥ ਧੋ ਬਹਿੰਦੇ ਹਨ। ਵਾਰਿਸ ਦਾ ਜ਼ਮਾਨਾ ਰਾਜਸੀ ਰੌਲਿਆਂ ਦਾ ਸਮਾਂ ਸੀ। ਉਸ ਨੂੰ ਜ਼ਿੰਦਗੀ ਦੇ ਹਰ ਪੱਖ ਵਿੱਚ ਟੱਕਰ ਦਿੱਸਦੀ ਸੀ ਤੇ ਇਹੋ ਰੰਗ ਉਸ ਨੇ ਆਪਣੇ ਕਿੱਸੇ ਵਿੱਚ ਭਰ ਦਿੱਤਾ। ਇਸੇ ਕਰਕੇ ਉਸ ਦਾ ਕਿੱਸਾ ਦੁਖਾਂਤ ਹੈ।

### 15.6.3 ਪਾਤਰ ਉਸਾਰੀ

ਹੀਰ ਦਾ ਸੱਚਾ ਇਸ਼ਕ, ਸਿਦਕ, ਸਿਰੜ ਤੇ ਪਿਆਰ ਦੀ ਖ਼ਾਤਰ ਕੁਰਬਾਨੀ ਕਰਨ ਦੀ ਦਲੇਰੀ ਵਾਲੇ ਗੁਣ ਉਸ ਦੇ ਆਚਰਣ ਨੂੰ ਬਹੁਤ ਬਲਵਾਨ ਤੇ ਸਾਧਾਰਨ ਕੁੜੀਆਂ ਤੋਂ ਨਿਰਾਲਾ ਦਰਸਾਉਂਦੇ ਹਨ। ਵਾਰਿਸ ਨੇ ਹੀਰ ਦੀ ਪਾਤਰ-ਉਸਾਰੀ ਕਰਨ ਵੇਲੇ ਕਮਾਲ ਕੀਤਾ ਹੈ। ਆਮ ਲੋਕ ਇਹੋ ਜਿਹੇ ਪਾਤਰਾਂ ਨੂੰ ਪਸੰਦ ਕਰਦੇ ਹਨ। ਇਸ ਲਈ ਵੀ ਇਹ ਕਿੱਸਾ ਹਰ-ਮਨ-ਪਿਆਰਾ ਹੈ।

### 15.6.4 ਭਾਸ਼ਾ

ਵਾਰਿਸ ਸ਼ਾਹ ਦੀ ਭਾਸ਼ਾ ਠੇਠ ਤੇ ਮੁਹਾਵਰੇਦਾਰ ਪੰਜਾਬੀ ਹੈ। ਉਸਨੇ ਕਈ ਤਰ੍ਹਾਂ ਦੇ ਅਲੰਕਾਰ ਵਰਤ ਕੇ ਕਿੱਸੇ ਦੇ ਸੁਹਜ-ਸੁਆਦ ਵਿੱਚ ਵਾਧਾ ਕੀਤਾ ਹੈ। ਉਸਨੇ ਸਾਰੇ ਕਿੱਸੇ ਵਿੱਚ ਬੈਂਤ ਛੰਦ ਦੀ ਵਰਤੋਂ ਕੀਤੀ ਹੈ, ਜਿਸਨੂੰ ਵਰਤਣ ਵਿੱਚ ਉਸ ਨੂੰ ਪੂਰਾ ਕਾਬੂ ਹਾਸਲ ਹੈ। ਅਸੀਂ ਉਸ ਦੇ ਕਿੱਸੇ ਦੇ ਇੱਕ ਬੰਦ ਨੂੰ ਨਮੂਨੇ ਵਜੋਂ ਪੇਸ਼ ਕਰਦੇ ਹਾਂ।

### 15.6.5 ਭਾਈਆਂ ਬਾਝ ਨ ਮਜਲਿਸਾਂ ਸੋਂਹਦੀਆਂ ਨੇ

ਭਾਈਆਂ ਬਾਝ ਨ ਮਜਲਿਸਾਂ ਸੋਂਹਦੀਆਂ ਨੇ ਅਤੇ ਭਾਈਆਂ ਬਾਝ ਬਾਹਾਰ ਨਾਹੀਂ।
ਭਾਈ ਮਰਨ ਤਾਂ ਪੈਂਦੀਆਂ ਭੱਜ ਬਾਹੀਂ ਬਿਨਾਂ ਭਾਈਆਂ ਪਰ੍ਹੇ ਪਰਵਾਰ ਨਾਹੀਂ।
ਲੱਖ ਓਟ ਹੈ ਭਾਈਆਂ ਵਸਦਿਆਂ ਦੀ ਭਾਈਆਂ ਜੀਵਦਿਆਂ ਦੇ ਕਾਈ ਹਾਰ ਨਾਹੀਂ।
ਭਾਈ ਢਾਉਂਦੇ ਭਾਈ ਉਸਾਰਦੇ ਨੇ, ਭਾਈਆਂ ਬਾਝ ਬੇਲੀ ਕੋਈ ਯਾਰ ਨਾਹੀਂ।

**ਔਖੇ ਸ਼ਬਦਾਂ ਦੇ ਅਰਥ**

**ਮਜਲਿਸਾਂ** - ਇਕੱਠ, ਸਮਾਗਮ - ਲੋਕਾਂ ਦਾ ਰਲ ਕੇ ਬੈਠਣਾ, **ਬਹਾਰ** - ਖੁਸ਼ੀ ਦਾ ਮੌਸਮ, **ਪੈਂਦੀਆਂ** - ਪੈਂਦੀਆਂ, **ਬਾਹੀਂ** - ਬਾਹਾਂ, **ਪੈਂਦੀਆਂ ਭੱਜ ਬਾਹੀਂ** - ਆਸਰਾ ਟੁੱਟ ਜਾਂਦਾ ਹੈ, **ਪਰ੍ਹਾ** - ਸਭਾ, ਲੋਕਾਂ ਦਾ ਇਕੱਠ, **ਪਰਵਾਰ** - ਟੱਬਰ, ਰਿਸ਼ਤੇਦਾਰ, **ਕਾਈ** - ਕੋਈ, **ਬੇਲੀ** - ਮਿੱਤਰ, ਸਾਥੀ।

**ਤੁਕਵਾਰ ਅਰਥ**

1) ਜੇ ਅਸੀਂ ਕੋਈ ਵਿਆਹ ਢੰਗ, ਆਦਿਕ ਰਚਾਈਏ ਤੇ ਉੱਥੇ ਸਾਡੇ ਭਰਾ ਨਾ ਆਉਣ ਤਾਂ ਉਸ ਸਮਾਗਮ ਵਿੱਚ ਸਾਡੀ ਪੂਰੀ ਸ਼ਾਨ ਨਹੀਂ ਬਣੇਗੀ ਤੇ ਨਾ ਸਾਨੂੰ ਪੂਰੀ ਖੁਸ਼ੀ ਹੋਵੇਗੀ।

2) ਭਰਾਵਾਂ ਦਾ ਇੱਕ ਦੂਜੇ ਨੂੰ ਅਜਿਹਾ ਆਸਰਾ ਹੁੰਦਾ ਹੈ ਕਿ ਜੇ ਕਿਸੇ ਦੇ ਭਰਾ ਮਰ ਜਾਣ ਤਾਂ ਉਹ ਸਮਝਦਾ ਹੈ ਜਿਵੇਂ ਉਸ ਦੀਆਂ ਬਾਹਾਂ ਟੁੱਟ ਗਈਆਂ ਹੋਣ; ਬਗ਼ੈਰ ਭਰਾਵਾਂ ਦੇ ਤਾਂ ਸਾਡੀ ਸਭਾ ਤੇ ਸਾਡਾ ਟੱਬਰ ਹੀ ਅਧੂਰਾ ਰਹਿੰਦਾ ਹੈ।

3) ਸਾਡੇ ਭਰਾ ਜੀਉਂਦੇ ਹੋਣ ਤਾਂ ਔਖ ਵੇਲੇ ਬਹੁੜਦੇ ਹਨ, ਅਸੀਂ ਕਿਸੇ ਮੌਕੇ ਉੱਤੇ ਵੀ ਵਿਰੋਧੀਆਂ ਕੋਲੋਂ ਹਾਰਦੇ ਨਹੀਂ।

4) ਜੇ ਸਾਡੇ ਭਰਾ ਸਾਡੇ ਉਲਟ ਹੋ ਜਾਣ ਤਾਂ ਸਾਰੀ ਤਾਕਤ ਘਟ ਜਾਂਦੀ ਹੈ, ਜੇ ਹੱਕ ਵਿੱਚ ਹੋਣ ਤਾਂ ਸਾਡੀ ਤਾਕਤ ਵਧਦੀ ਹੈ। ਭਰਾਵਾਂ ਵਰਗਾ ਹੋਰ ਕੋਈ ਦੋਸਤ ਨਹੀਂ।

**ਵਿਆਖਿਆ**

ਜਦ ਰਾਂਝਾ ਛੋਟੇ ਹੁੰਦਿਆਂ ਮਾਪਿਆਂ ਕੋਲ ਰਹਿੰਦਾ ਸੀ ਤਾਂ ਉਹ ਸਾਰੇ ਭਰਾਵਾਂ ਵਿੱਚੋਂ ਸਭ ਤੋਂ ਛੋਟਾ ਪਰ ਸਭ ਤੋਂ ਸੁਹਣਾ ਸੀ। ਉਹ ਭਰਜਾਈਆਂ ਦਾ ਲਾਡਲਾ ਸੀ। ਉਸ ਨੂੰ ਮਿਹਨਤ ਕਰਨ ਦੀ ਆਦਤ ਨਹੀਂ ਸੀ ਤੇ ਉਹ ਜ਼ਮੀਨ ਉੱਤੇ ਹਲ ਵਾਹੁਣ ਵਿੱਚ ਭਰਾਵਾਂ ਦਾ ਹੱਥ ਨਹੀਂ ਸੀ ਵਟਾਉਂਦਾ। ਭਰਾ ਉਸ ਨਾਲ ਈਰਖਾ ਕਰਨ ਲੱਗ ਪਏ ਤੇ ਪਿਓ ਨੂੰ ਕਿਹਾ ਕਿ ਘਰ ਦੀ ਜ਼ਮੀਨ ਆਪਣੇ ਜਿਉਂਦਿਆਂ ਹੀ ਪੁੱਤਰਾਂ ਵਿੱਚ ਵੰਡ ਦਿਓ। ਜ਼ਮੀਨ ਵੰਡੀ ਜਾਣ ਵੇਲੇ ਉਨ੍ਹਾਂ ਨੇ ਪਟਵਾਰੀ ਨੂੰ ਵੱਢੀ ਦੇ ਕੇ ਰਾਂਝੇ ਨੂੰ ਘਟੀਆ ਜ਼ਮੀਨ ਦਿਵਾ ਦਿੱਤੀ ਜਿਸ ਉੱਤੇ ਚੰਗੀ ਫ਼ਸਲ ਨਹੀਂ ਸੀ ਹੋ ਸਕਦੀ। ਕੁੱਝ ਇਸ ਕਰਕੇ ਤੇ ਕੁੱਝ ਹੋਰ ਕਾਰਨਾਂ ਕਰਕੇ ਰਾਂਝੇ ਨੇ ਫ਼ੈਸਲਾ ਕਰ ਲਿਆ ਕਿ ਮੈਂ ਫ਼ਕੀਰੀ ਧਾਰਨ ਕਰਕੇ ਘਰੋਂ ਨਿਕਲ ਜਾਵਾਂਗਾ। ਜਦ ਭਰਾਵਾਂ ਨੂੰ ਰਾਂਝੇ ਦੇ ਇਸ ਫ਼ੈਸਲੇ ਦਾ ਪਤਾ ਲੱਗਾ ਤਾਂ ਉਹ ਕੋਸ਼ਿਸ਼ ਕਰਨ ਲੱਗੇ ਕਿ ਰਾਂਝਾ ਘਰੋਂ ਨਾ ਜਾਵੇ। ਇਹ ਸਤਰਾਂ ਉਨ੍ਹਾਂ ਭਰਾਵਾਂ ਨੇ ਉਸ ਮੌਕੇ ਉੱਤੇ ਰਾਂਝੇ ਨੂੰ ਕਹੀਆਂ। ਕਿਉਂ ?

ਸ਼ਹਿਰੀ ਲੋਕ ਕਿਸੇ ਨਾਲ ਲੜਾਈ ਝਗੜਾ ਹੋਣ ਵੇਲੇ ਪੁਲਸ ਨੂੰ ਬੁਲਾ ਲੈਂਦੇ ਹਨ ਪਰ ਪਿੰਡਾਂ ਵਿੱਚ, ਆਮ ਤੌਰ ਉੱਤੇ, ਪੁਲਸ ਦੇ ਥਾਨੇ ਨੇੜੇ-ਤੇੜੇ ਨਹੀਂ ਹੁੰਦੇ। ਪੁਰਾਣੇ ਜ਼ਮਾਨੇ ਵਿੱਚ ਤਾਂ ਪਿੰਡਾਂ ਵਿੱਚ ਪੁਲਸ ਦੀ ਸਹਾਇਤਾ ਲੈਣੀ ਲਗਪਗ ਅਸੰਭਵ ਹੀ ਹੁੰਦੀ ਸੀ। ਜੱਟਾਂ, ਜ਼ਿਮੀਂਦਾਰਾਂ ਵਿੱਚ ਜ਼ਮੀਨ, ਪਾਣੀ ਆਦਿਕ ਦੇ ਝਗੜੇ ਆਮ ਹੁੰਦੇ ਹਨ। ਤਾਕਤਵਰ ਲੋਕ ਮਾੜੇ ਦਾ ਹੱਕ ਮਾਰ ਲੈਂਦੇ ਹਨ। ਜੇ ਕਿਸੇ ਦੇ ਭਰਾ ਬਹੁਤ ਹੋਣ ਤਾਂ ਉਹ ਆਪਣਾ ਬਚਾ ਕਰ ਸਕਦਾ ਸੀ ਤੇ ਥੋੜ੍ਹੇ ਕੀਤਿਆਂ ਉਸਦੇ ਹਿਤ ਨੂੰ ਕੋਈ ਨੁਕਸਾਨ ਨਹੀਂ ਸੀ ਪੁਜਦਾ। ਓਦੋਂ ਲੜਾਈ ਝਗੜੇ ਵੇਲੇ ਬੰਦੇ ਨੂੰ ਭਰਾਵਾਂ ਦਾ ਹੀ ਆਸਰਾ ਹੁੰਦਾ ਸੀ। ਪਰ ਦੂਜੇ ਪਾਸੇ ਜ਼ਮੀਨ ਤੇ ਵਾਹੀ ਸਾਂਝੀ ਹੋਣ ਕਰਕੇ ਭਰਾ ਇੱਕ ਦੂਜੇ ਦੇ ਸ਼ਰੀਕ ਵੀ ਹੁੰਦੇ ਸਨ। ਭਰਾਵਾਂ ਦੇ ਰਿਸ਼ਤੇ ਵਿੱਚ ਇਹ ਦੋਵੇਂ ਪੱਖ ਹਨ ਤੇ ਵਾਰਿਸ ਸ਼ਾਹ ਨੇ ਆਪਣੇ ਹੀਰ ਦੇ ਕਿੱਸੇ ਵਿੱਚ ਇਨ੍ਹਾਂ ਦੋਹਾਂ ਦਾ ਜ਼ਿਕਰ ਕੀਤਾ ਹੈ। ਭਰਾ ਸ਼ਰੀਕ ਹੋਣ ਕਰ ਕੇ ਪਹਿਲੋਂ ਰਾਂਝੇ ਨੂੰ ਘਟੀਆ ਜ਼ਮੀਨ ਦਿਵਾਉਂਦੇ ਹਨ ਪਰ ਜਦੋਂ ਉਹ ਉਕਾ ਹੀ ਘਰ ਛੱਡ ਕੇ ਜਾਣ ਲਗਦਾ ਹੈ ਤਾਂ ਉਨ੍ਹਾਂ ਨੂੰ ਹੋਸ਼ ਆਉਂਦੀ ਹੈ ਕਿ ਇਸ ਭਰਾ ਬਿਨਾਂ ਵੀ ਸਾਡੇ ਖ਼ਾਨਦਾਨ ਦੀ ਤਾਕਤ ਵਿੱਚ ਘਾਟਾ ਪਵੇਗਾ ਤੇ ਅਸੀਂ ਕਮਜ਼ੋਰ ਹੋ ਜਾਵਾਂਗੇ। ਉਸ ਵੇਲੇ ਉਹ ਸੱਚੇ ਦਿਲੋਂ ਰਾਂਝੇ ਨੂੰ ਘਰ ਛੱਡ ਕੇ ਨਾ ਜਾਣ ਲਈ ਪਰੇਰਦੇ ਤੇ ਉਪਰੋਕਤ ਸਤਰਾਂ ਵਿੱਚ ਵਰਣਨ ਕੀਤੀਆਂ ਦਲੀਲਾਂ ਦੇਂਦੇ ਹਨ। ਇਹ ਦਲੀਲਾਂ ਝੂਠੀਆਂ ਨਹੀਂ ਤੇ ਭਰਾਵਾਂ ਦੇ ਦਿਲ ਦੀ ਡੂੰਘਾਈ ਵਿੱਚੋਂ ਨਿਕਲੀਆਂ ਹੋਣ ਕਰਕੇ ਪਾਠਕ ਉੱਤੇ ਡੂੰਘਾ ਪ੍ਰਭਾਵ ਪਾਉਂਦੀਆਂ ਹਨ। ਵਾਰਿਸ ਨੂੰ ਜਾਚ ਹੈ ਆਪਣੇ ਪਾਤਰਾਂ ਦੇ ਮੂੰਹੋਂ ਮੌਕੇ ਦੇ ਅਨੁਕੂਲ ਜਚਵੇਂ ਵਾਕ ਕਢਾਉਣ ਦੀ।

ਇਹ ਚਾਰ ਤੁਕਾਂ ਦਾ ਬੈਂਤ, ਛੰਦ ਦਾ ਬੰਦ ਵਾਰਿਸ ਸ਼ਾਹ ਦੀ ਕਵਿਤਾ ਦੇ ਹੁਨਰ ਦਾ ਬਹੁਤ ਚੰਗਾ ਨਮੂਨਾ ਹੈ। ਇਸ ਬੰਦ ਵਿੱਚ ਪੰਜਾਬ ਦੇ ਕਿਸਾਨੀ ਜੀਵਨ ਵਿੱਚ ਭਰਾਵਾਂ ਦੇ ਮਹੱਤਵ ਦੱਸਣ ਵਾਲੀ ਆਮ ਵਿਆਪਕ ਸਚਾਈ ਦਾ ਵਰਣਨ ਹੈ। ਇਸ ਦੀਆਂ ਸਭ ਤੁਕਾਂ ਵਿੱਚ ਅਖੌਤਾਂ ਦੀ ਤਰ੍ਹਾਂ ਲੋਕਾਂ ਦੇ ਮੂੰਹ ਚੜ੍ਹ ਜਾਣ ਦੀ ਸਮਰੱਥਾ ਹੈ। ਇਹ ਵਾਰਿਸ ਦੀ ਰਚਨਾ ਦਾ ਇੱਕ ਵੱਡਾ ਗੁਣ ਹੈ।

**ਛੇਵਾਂ ਅਭਿਆਸ**

**ਨੋਟ:** ਹੇਠਾਂ ਲਿਖੇ ਸਵਾਲਾਂ ਦੇ ਉੱਤਰ ਖਾਲੀ ਛੱਡੀਆਂ ਹੋਈਆਂ ਥਾਵਾਂ ਉੱਤੇ ਦਿੱਤੇ ਜਾਣੇ ਹਨ। ਹਰ ਸਵਾਲ ਦਾ ਉੱਤਰ ਅੰਤ ਵਿੱਚ ਦਿੱਤਾ ਗਿਆ ਹੈ ਪਰ ਤੁਸੀਂ ਆਪਣਾ ਉੱਤਰ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਪੜ੍ਹਨ ਦਾ ਜਤਨ ਨਾ ਕਰੋ।

1 ਵਾਰਿਸ ਦੇ ਕਿੱਸਾ ਹੀਰ ਦੀ ਪ੍ਰਸਿੱਧੀ ਦੇ ਕੀ ਕਾਰਨ ਹਨ?

..........................................................................
..........................................................................
..........................................................................
..........................................................................
..........................................................................
..........................................................................
..........................................................................
..........................................................................

2 ਵਾਰਿਸ ਦੀ ਕਵਿਤਾ ਦੇ ਨਮੂਨੇ "ਭਾਈਆਂ ਬਾਝ ਨ ਮਜਲਿਸਾਂ ਸੋਂਹਦੀਆਂ ਨੇ" ਵਿੱਚ ਭਰਾਵਾਂ ਦਾ ਮਹੱਤਵ ਕਿਸ ਤਰ੍ਹਾਂ ਦਰਸਾਇਆ ਹੈ?

..........................................................................
..........................................................................
..........................................................................
..........................................................................

3 ਉਪਰੋਕਤ ਬੰਦ ਦੀਆਂ ਸਾਹਿੱਤਕ ਖ਼ੂਬੀਆਂ ਉੱਤੇ ਇੱਕ ਨੋਟ ਲਿਖੋ।

..........................................................................
..........................................................................
..........................................................................
..........................................................................
..........................................................................
..........................................................................
..........................................................................
..........................................................................
..........................................................................

## 15.7 ਧਨੀ ਰਾਮ ਚਾਤ੍ਰਿਕ (1876-1954)

ਲਾਲਾ ਧਨੀ ਰਾਮ ਚਾਤ੍ਰਿਕ ਪਿੰਡ ਪੱਸੀਆਂ ਵਾਲੇ, ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਵਿੱਚ 1876 ਈ: ਨੂੰ ਜਨਮੇ। ਬਚਪਨ ਵਿੱਚ ਸਕੂਲੀ ਵਿਦਿਆ ਬਹੁਤੀ ਲੈਣ ਦਾ ਮੌਕਾ ਨਾ ਮਿਲਿਆ ਪਰ ਮੇਲਿਆਂ, ਛਿੰਜਾਂ, ਰਾਸਾਂ, ਆਦਿਕ ਦੇਖਣ ਦਾ ਸ਼ੌਕ ਹੋਣ ਕਰਕੇ ਲੋਕ ਗੀਤਾਂ ਦੀਆਂ ਧੁਨੀਆਂ ਤੇ ਵਿਸ਼ਿਆਂ ਨਾਲ ਚੰਗੀ ਵਾਕਫ਼ੀਅਤ ਬਣ ਗਈ। ਉਨ੍ਹਾਂ ਦਾ ਠੇਠ ਪੰਜਾਬੀ ਭਾਸ਼ਾ ਦੀ ਪਕੜ ਤੇ ਕਵਿਤਾ ਲਿਖਣ ਦੀ ਚੇਟਕ ਦਾ ਇਹ ਪਿਛੋਕੜ ਸੀ।

ਚਾਤ੍ਰਿਕ ਜੀ ਕਾਰ-ਵਿਹਾਰ ਦੇ ਸਿਲਸਲੇ ਵਿੱਚ ਕੁੱਝ ਦੇਰ ਬੰਬਈ ਰਹੇ ਪਰ ਉਨ੍ਹਾਂ ਦੇ ਜੀਵਨ ਦਾ ਵੱਡੇਰਾ ਭਾਗ ਅੰਮ੍ਰਿਤਸਰ ਵਿੱਚ ਗੁਜ਼ਰਿਆ। ਉੱਥੇ ਉਹ ਪਹਿਲੇ 1892 ਤੋਂ ਵਜ਼ੀਰ ਹਿੰਦ ਪ੍ਰੈਸ ਵਿੱਚ ਨੌਕਰੀ ਕਰਦੇ ਰਹੇ ਤੇ ਪਿੱਛੋਂ ਆਪਣਾ ਸੁਤੰਤਰ ਛਾਪਾਖ਼ਾਨਾ, ਸੁਦਰਸ਼ਨ ਪ੍ਰੈਸ ਖੋਲ੍ਹਿਆ, ਵਿਹਾਰੀ ਸੂਝ ਤਿੱਖੀ ਹੋਣ ਕਰਕੇ ਇਸ ਪ੍ਰੈਸ ਨੂੰ ਉਨ੍ਹਾਂ ਨੇ ਪੰਜਾਬੀ ਵਿੱਚ ਬਹੁਤ ਉੱਤਮ ਕਿਸਮ ਦੀ ਛਪਾਈ ਕਰਨ ਵਾਲਾ ਬਣਾਇਆ। ਅਨੇਕਾਂ ਨਵੇਂ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਨੂੰ ਚਾਤ੍ਰਿਕ ਜੀ ਨੇ ਆਮ ਰਿਵਾਜ ਤੋਂ ਬਹੁਤ ਉੱਚੇ ਪੱਧਰ ਦੀ ਛਪਾਈ ਪ੍ਰਦਾਨ ਕਰਕੇ ਉਨ੍ਹਾਂ ਦੇ ਹੌਸਲੇ ਵਧਾਏ ਤੇ ਆਪਣੀਆਂ ਪੁਸਤਕਾਂ ਵੀ ਵਧੀਆ ਛਾਪੀਆਂ।

### 15.7.1 ਕਵਿਤਾ ਦਾ ਵਿਕਾਸ

ਪਿੰਡ ਵਿੱਚ ਲੋਕ-ਗੀਤਾਂ ਦੇ ਆਲੇ-ਦੁਆਲੇ ਵਿੱਚ ਰਹਿਣ ਬਾਅਦ ਜਦ ਚਾਤ੍ਰਿਕ ਜੀ ਨੂੰ ਸ਼ਹਿਰੀ ਵਾਤਾਵਰਣ ਵਿੱਚ ਉਚੇਰੇ ਸਾਹਿੱਤ ਦਾ ਨੇੜ ਪ੍ਰਾਪਤ ਹੋਇਆ ਤਾਂ ਉਨ੍ਹਾਂ ਦੀ ਕਵਿਤਾ ਸਹਿਜੇ-ਸਹਿਜੇ ਉਸ ਸਮੇਂ ਅਨੁਸਾਰ ਨਵੇਂ ਵਿਸ਼ੇ ਅਪਨਾਉਣ ਲਗ ਪਈ ਤੇ ਉਨ੍ਹਾਂ ਦੀ ਭਾਸ਼ਾ ਵਿੱਚ ਪੇਂਡੂ ਲਫ਼ਜ਼ਾਂ ਦੇ ਨਾਲ ਸਾਧਾਰਨ ਪੜ੍ਹੇ-ਲਿਖੇ ਲੋਕਾਂ ਵਿੱਚ ਵਰਤੀਂਦੇ ਲਫ਼ਜ਼ ਵੀ ਆ ਰਲੇ। ਭਾਵੇਂ ਸ਼ੁਰੂ ਵਿੱਚ ਉਨ੍ਹਾਂ ਨੇ 'ਨਲ ਦਮਯੰਤੀ', 'ਭਰਥਰੀ ਹਰੀ', 'ਧਰਮਵੀਰ' ਆਦਿਕ ਰਵਾਇਤੀ ਕਿੱਸਿਆਂ ਉੱਤੇ ਹੱਥ-ਅਜ਼ਮਾਈ ਕੀਤੀ ਪਰ ਜਲਦੀ ਹੀ ਇਸ ਤਰ੍ਹਾਂ ਦੀ ਪਰੰਪਰਾਵਾਦੀ ਕਵਿਤਾ ਲਿਖਣ ਦਾ ਸ਼ੌਕ ਤਿਆਗ ਕੇ ਉਹ ਨਵੇਂ ਰਿਵਾਜ ਅਨੁਸਾਰ ਸਮਾਜ-ਸੁਧਾਰ, ਦੇਸ਼-ਪਿਆਰ, ਸੰਪਰਦਾਇਕ ਏਕਤਾ, ਧਾਰਮਿਕ ਸੁਧਾਰ, ਆਦਿਕ ਵਿਸ਼ਿਆਂ ਵੱਲ ਰੁਚਿਤ ਹੋ ਗਏ। ਵਜ਼ੀਰ ਹਿੰਦ ਪ੍ਰੈਸ ਵਿੱਚ ਕੰਮ ਕਰਦਿਆਂ ਉਨ੍ਹਾਂ ਨੂੰ ਭਾਈ ਵੀਰ ਸਿੰਘ ਪਾਸੋਂ ਪੱਕੀ ਤੇ ਰਸੀ ਹੋਈ ਸ਼ੈਲੀ ਵਿੱਚ ਕਵਿਤਾ ਲਿਖਣ ਲਈ ਅਗਵਾਈ ਮਿਲੀ ਪਰ ਉਹ ਭਾਈ ਸਾਹਿਬ ਦੀ ਤਰ੍ਹਾਂ ਰਹੱਸਵਾਦੀ ਕਵਿਤਾ ਦੇ ਉੱਚੇ ਮਿਆਰਾਂ ਤਕ ਆਪਣੀ ਪਹੁੰਚ ਨਾ ਬਣਾ ਸਕੇ। ਉਹ ਭਾਈ ਸਾਹਿਬ ਦੀ ਵਿਦਵਤਾ ਨਾਲ ਵੀ ਆਪਣੀ ਸਾਂਝ ਨਾ ਪਾ ਸਕੇ। ਉਹ ਧਰਮ ਦੇ ਵਿਸ਼ੇ ਉੱਤੇ ਕਾਫ਼ੀ ਕਵਿਤਾ ਲਿਖਦੇ ਰਹੇ ਪਰ ਉਸ ਦੀ ਪੱਧਰ ਸਾਧਾਰਨ ਧਾਰਮਿਕ ਲੋਕਾਂ ਦੀ ਸੂਝ ਤੋਂ ਬਹੁਤੀ ਉਚੇਰੀ ਨਹੀਂ ਸੀ।

ਚਾਤ੍ਰਿਕ ਜੀ ਨੇ ਧਾਰਮਿਕ ਸਹਿਨਸ਼ੀਲਤਾ ਤੇ ਰਾਸ਼ਟਰੀ ਏਕਤਾ ਦਾ ਪ੍ਰਭਾਵ ਮਹਾਤਮਾ ਗਾਂਧੀ ਤੋਂ ਲਿਆ। ਅਹਿੰਸਾ, ਛੂਤ-ਛਾਤ ਦਾ ਖੰਡਨ ਤੇ ਰਾਸ਼ਟਰੀ ਸੁਤੰਤਰਤਾ ਦੇ ਅੰਦੋਲਨ ਵੱਲ ਝੁਕਾ ਵੀ ਇਸੇ ਪਾਸਿਓਂ ਆਇਆ। ਚਾਤ੍ਰਿਕ ਜੀ ਸਿੱਖ ਨਹੀਂ ਸਨ ਪਰ ਕੱਟੜ ਕਿਸਮ ਦੇ ਹਿੰਦੂ ਵੀ ਨਹੀਂ ਸਨ। ਭਾਈ ਵੀਰ ਸਿੰਘ ਦੇ ਨੇੜ ਨੇ ਉਨ੍ਹਾਂ ਨੂੰ ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਦੇ ਪ੍ਰਸ਼ੰਸਕ ਬਣਾਇਆ ਤੇ ਉਨ੍ਹਾਂ ਦੀ ਕਵਿਤਾ ਵਿੱਚ ਇਨ੍ਹਾਂ ਵਿਸ਼ਿਆਂ ਦੀ ਝਲਕ ਲਿਆਂਦੀ। ਪਿੱਛੋਂ ਗੁਰਬਖਸ਼ ਸਿੰਘ 'ਪ੍ਰੀਤ ਲੜੀ' ਦੀ ਸੰਗਤ ਨੇ ਉਨ੍ਹਾਂ ਦੀ ਦ੍ਰਿਸ਼ਟੀ ਨੂੰ ਹੋਰ ਵਿਸ਼ਾਲ ਕੀਤਾ ਤੇ ਅੰਤਰਰਾਸ਼ਟਰੀ ਅਮਨ ਵਰਗੇ ਵਿਸ਼ੇ ਅਪਨਾਉਣੇ ਸ਼ੁਰੂ ਕੀਤੇ। ਪਰ ਪੱਛਮੀ ਵਿਦਿਆ ਪ੍ਰਾਪਤ ਨਾ ਹੋਣ ਕਰਕੇ ਉਹ ਨਵੀਨ ਵਿਚਾਰ-ਪ੍ਰਣਾਲੀਆਂ ਤੋਂ ਕਿਸੇ ਹੱਦ ਤੱਕ ਅਭਿੱਜ ਰਹੇ। ਪੰਜਾਬੀ ਦੇ ਬਹੁਤੇ ਕਵੀ ਪੱਛਮੀ ਸਾਹਿੱਤ ਦੀ ਨਕਲ ਦੇ ਵਹਿਣ ਵਿੱਚ ਵਹਿ ਰਹੇ ਸਨ। ਚਾਤ੍ਰਿਕ ਜੀ ਇਸ ਵਹਿਣ ਤੋਂ ਬਚੇ ਰਹੇ। ਲੋਕ-ਸਾਹਿੱਤ ਦੇ ਪਿਛੋਕੜ ਨੇ ਉਨ੍ਹਾਂ ਨੂੰ ਬਹੁਤੇ ਪੜ੍ਹੇ-ਲਿਖੇ ਪਾਠਕਾਂ ਦੀ ਬਜਾਏ ਮੱਧ-ਸ਼੍ਰੇਣੀ ਦੇ ਘਟ ਪੜ੍ਹੇ ਪਾਠਕਾਂ ਨੂੰ ਸੰਬੋਧਨ ਕਰਨ ਦੀ ਯੋਗਤਾ ਬਖ਼ਸ਼ੀ। ਚਾਤ੍ਰਿਕ ਜੀ ਦੀ ਰਚਨਾ ਵਿੱਚ ਬੋਲੀ ਜਾਂ ਵਿਚਾਰਾਂ ਦੀ ਔਖਿਆਈ ਕੋਈ ਨਹੀਂ, ਪਰ ਰਵਾਨੀ ਤੇ ਸੰਗੀਤਾਮਕਤਾ ਬਹੁਤ ਹੈ।

### 15.7.2 ਰਚਨਾ

ਚਾਤ੍ਰਿਕ ਜੀ ਦੇ ਕਾਵਿ-ਸੰਗ੍ਰਹਿ ਕਈ ਹਨ। ਕੁੱਝ ਕੁ ਦੇ ਨਾਂ ਇਹ ਹਨ:
ੳ) ਚੰਦਨਵਾੜੀ, ਅ) ਨਵਾਂ ਜਹਾਨ, ੲ) ਕੇਸਰ ਕਿਆਰੀ, ਸ) ਸੂਫ਼ੀਖਾਨਾ, ਹ) ਨੂਰ ਜਹਾਂ ਬਾਦਸ਼ਾਹ ਬੇਗਮ।

ਅਸੀਂ ਉਨ੍ਹਾਂ ਦੀ ਕਵਿਤਾ ਦਾ ਇੱਕ ਅਜਿਹਾ ਨਮੂਨਾ ਪੇਸ਼ ਕਰਦੇ ਹਾਂ ਜਿਸ ਵਿੱਚ ਉਨ੍ਹਾਂ ਦੀਆਂ ਨਵੀਨ ਰੁਚੀਆਂ ਤੇ ਸਫ਼ਲਤਾ ਦੋਹਾਂ ਦਾ ਪ੍ਰਮਾਣ ਹੈ।

### 15.7.3 ਨਵੀਂ ਦੁਨੀਆ

(ਟੈਕ—ਪੰਛੀਆ! ਨਵੀਂ ਉਡਾਰੀ ਮਾਰ)

ਖੰਭ ਖਿਲਾਰ, ਫੁਲਾ ਕੇ ਛਾਤੀ,
ਅਰਸ਼ੇ ਪਹੁੰਚ, ਮਾਰ ਕੇ ਝਾਤੀ,
ਵੇਖ ਰਚੀਂਦਾ ਮਾਤ ਲੋਕ ਵਿੱਚ

ਸੁਪਨਿਆਂ ਦਾ ਸੰਸਾਰ।
ਪੰਛੀਆ! ਨਵੀਂ ਉਡਾਰੀ ਮਾਰ।

ਦਫਨ ਹੋ ਰਹੀ ਫ਼ਿਰਕੇਦਾਰੀ,
ਛੂਹ ਦੀ ਲਾਨ੍ਹਤ, ਬੇਇਤਬਾਰੀ।
ਗ਼ਲਤ ਅਕੀਦਿਆਂ ਦੀ ਬਿਮਾਰੀ
ਸਭ ਦੁਨੀਆ ਬੇਜ਼ਾਰ,
ਪੰਛੀਆ! ਨਵੀਂ ਉਡਾਰੀ ਮਾਰ।

ਤੱਕ ਮਜ਼ਹਬ ਦਾ ਸੂਰਜ ਢਲਦਾ,
ਮਾਨੁਖਤਾ ਦਾ ਸਿੱਕਾ ਚਲਦਾ,
ਮਕਰ, ਦਿਖਾਵੇ ਦਾ ਮੂੰਹ ਕਾਲਾ
ਸੱਚ ਦੀ ਜੈ ਜੈ ਕਾਰ,
ਪੰਛੀਆ! ਨਵੀਂ ਉਡਾਰੀ ਮਾਰ।

ਜੰਗ ਜਦਲ ਹਟਕੋਰੇ ਖਾਂਦਾ,
ਅਮਨ ਨਵਾਂ ਸੰਸਾਰ ਵਸਾਂਦਾ,
ਆਪਣੀ ਮੌਤੇ ਮਰਦਾ ਜਾਂਦਾ
ਤਾਕਤ ਦਾ ਹੰਕਾਰ,
ਪੰਛੀਆ! ਨਵੀਂ ਉਡਾਰੀ ਮਾਰ।

ਸਭ ਦੁਨੀਆ ਦੀ ਸਾਂਝੀ ਧਰਤੀ,
ਖੋਜਾਂ ਵਾਲੇ ਹੋ ਰਹੇ ਭਰਤੀ,
ਫੋਲ-ਫੋਲ ਕੇ ਬਾਹਰ ਲਿਆਉਣ
ਦੌਲਤ ਦਾ ਭੰਡਾਰ,
ਪੰਛੀਆ! ਨਵੀਂ ਉਡਾਰੀ ਮਾਰ। (ਸੂਫ਼ੀ ਖ਼ਾਨਾ ਵਿੱਚੋਂ)

**ਔਖੇ ਸ਼ਬਦਾਂ ਦੇ ਅਰਥ:**

**ਅਰਸ਼**—ਆਕਾਸ਼, **ਮਾਤ ਲੋਕ** - ਧਰਤੀ ਦੇ ਲੋਕਾਂ ਦੀ ਦੁਨੀਆ। **ਦਫ਼ਨ ਹੋ ਰਹੀ** - ਦੱਬੀ ਜਾ ਰਹੀ ਹੈ, ਖ਼ਤਮ ਹੋ ਰਹੀ ਹੈ। **ਛੂਹ ਦੀ ਲਾਨ੍ਹਤ** - ਛੂਤ ਛਾਤ ਦਾ ਭੈੜਾ ਰਿਵਾਜ। **ਅਕੀਦਾ** - ਵਿਸ਼ਵਾਸ, ਯਕੀਨ। **ਬੇਜ਼ਾਰ** - ਤੰਗ, ਉਦਾਸ, ਨਿਰਾਸ। **ਸੂਰਜ ਢਲਦਾ** - ਜ਼ੋਰ ਘਟ ਰਿਹਾ ਹੈ। **ਸਿੱਕਾ ਚਲਦਾ** - ਜ਼ੋਰ ਵੱਧ ਰਿਹਾ ਹੈ। **ਮਕਰ** - ਪਖੰਡ। **ਮੂੰਹ ਕਾਲਾ**—ਬਦਨਾਮ। **ਜੰਗ-ਜਦਲ** - ਲੜਾਈ-ਭਿੜਾਈ। **ਹਟਕੋਰੇ ਖਾਂਦਾ** - ਖਤਮ ਹੋ ਰਿਹਾ ਹੈ। **ਭੰਡਾਰ** - ਖ਼ਜ਼ਾਨਾ। **ਪੰਛੀ** - ਇਸ ਕਵਿਤਾ ਵਿੱਚ ਜ਼ਮਾਨੇ ਨੂੰ ਬਦਲਣ ਵਾਲੇ ਮਨੁੱਖ ਨੂੰ ਪੰਛੀ ਕਿਹਾ ਹੈ।

**ਤੁਕਵਾਰ ਅਰਥ:**

ਪਹਿਲਾ ਬੰਦ—ਹੇ ਪੰਛੀ! ਤੂੰ ਹੁਣ ਇੱਕ ਅਜਿਹੀ ਉਡਾਰੀ ਮਾਰ ਜੋ ਤੇਰੀਆਂ ਪੁਰਾਣੀਆਂ ਉਡਾਰੀਆਂ ਨਾਲੋਂ ਨਵੀਂ ਦਿਸ਼ਾ ਵੱਲ ਹੋਵੇ ਤੇ ਤੈਨੂੰ ਦ੍ਰਿਸ਼ ਦਿਖਾਵੇ। ਤੂੰ ਆਪਣੇ ਖੰਭ ਖੋਲ੍ਹ ਕੇ ਤੇ ਛਾਤੀ ਫੁਲਾ ਕੇ ਆਕਾਸ਼ ਵਿੱਚ ਉੱਡ ਜਾ ਤੇ ਉੱਥੋਂ ਹੇਠਾਂ ਦੇਖ ਕਿ ਕਿਵੇਂ ਧਰਤੀ ਦੇ ਲੋਕ ਉਸ ਨਵੀਂ ਦੁਨੀਆਂ ਨੂੰ ਰਚਣ ਦੇ ਆਹਰ-ਪਾਹਰ ਵਿੱਚ ਹਨ ਜਿਸ ਦੇ ਸੁਫ਼ਨੇ ਉਹ ਬਹੁਤ ਸਮੇਂ ਤੋਂ ਲੈਂਦੇ ਰਹੇ ਹਨ।

ਦੂਜਾ ਬੰਦ—ਹੁਣ ਦੁਨੀਆ ਵਿੱਚੋਂ ਸੰਪਰਦਾਇਕ ਭਾਵਨਾ ਖ਼ਤਮ ਹੋ ਰਹੀ ਹੈ ਤੇ ਛੂਤ-ਛਾਤ ਵੀ ਘਟ ਰਹੀ ਹੈ। ਪਰਸਪਰ ਬੇਵਿਸ਼ਵਾਸੀ ਤੇ ਗ਼ਲਤ ਕਿਸਮ ਦੇ ਵਿਸ਼ਵਾਸਾਂ ਤੋਂ ਦੁਨੀਆ ਉਦਾਸ ਹੋ ਰਹੀ ਹੈ।

ਤੀਜਾ ਬੰਦ—ਤੂੰ ਦੇਖ ਕਿ ਮਜ਼ਹਬ ਦਾ ਜ਼ੋਰ ਹੁਣ ਘਟ ਰਿਹਾ ਹੈ ਤੇ ਮਾਨਵਵਾਦ ਦਾ ਜ਼ੋਰ ਵੱਧ ਰਿਹਾ ਹੈ। ਹੁਣ ਪਖੰਡ ਤੇ ਦਿਖਾਵਾ ਕਰਨ ਵਾਲਿਆਂ ਦਾ ਲੋਕ ਖ਼ੰਡਨ ਕਰਦੇ ਹਨ ਤੇ ਸੱਚ ਉੱਤੇ ਚਲਣ ਵਾਲਿਆਂ ਦੀ ਪ੍ਰਸ਼ੰਸਾ ਕਰਦੇ ਹਨ।

ਚੌਥਾ ਬੰਦ—ਜੰਗਾਂ ਦਾ ਜ਼ਮਾਨਾ ਹੁਣ ਖ਼ਤਮ ਹੋ ਰਿਹਾ ਹੈ। ਨਵੀਂ ਦੁਨੀਆ ਵਿੱਚ ਅਮਨ ਪਰਧਾਨ ਹੋਵੇਗਾ। ਤਾਕਤ ਦਾ ਹੰਕਾਰ ਹੁਣ ਆਪ ਹੀ ਮੁੱਕ ਰਿਹਾ ਹੈ।

ਪੰਜਵਾਂ ਬੰਦ—ਹੁਣ ਸਾਰੀ ਦੁਨੀਆ ਦੀ ਧਰਤੀ ਸਾਂਝੀ ਮੰਨੀ ਜਾ ਰਹੀ ਹੈ। ਖੋਜ ਕਰਨ ਵਾਲੇ ਲੋਕ ਕਈ ਤਰ੍ਹਾਂ ਦੀਆਂ ਸੰਸਥਾਵਾਂ ਵਿੱਚ ਇਕੱਠੇ ਹੋ ਰਹੇ ਹਨ। ਉਹ ਧਰਤੀ ਦੇ ਹੇਠੋਂ ਅਨੇਕ ਤਰ੍ਹਾਂ ਦੇ ਕੀਮਤੀ ਖ਼ਜ਼ਾਨੇ ਕੱਢ ਕੇ ਬਾਹਰ ਲਿਆ ਰਹੇ ਹਨ।

**ਵਿਆਖਿਆ :**

ਇਹ ਕਵਿਤਾ ਭਵਿੱਖ ਵਿੱਚ ਆਉਣ ਵਾਲੀ ਦੁਨੀਆ ਦਾ ਸੁਹਾਵਣਾ ਨਕਸ਼ਾ ਉਲੀਕਦੀ ਹੈ। ਕਵੀ ਨੇ ਆਪਣੀ ਸੋਚ-ਉਡਾਰੀ ਵਰਤ ਕੇ ਇਹ ਦੁਨੀਆ ਦੇਖੀ ਹੈ। ਪੰਛੀ ਇਸ ਸੋਚ-ਉਡਾਰੀ ਦਾ ਚਿੰਨ੍ਹ ਹੈ। ਕਲਪਣਾ ਨਾਲ ਅਸੀਂ ਜਿਹੋ ਜਿਹੀ ਮਰਜ਼ੀ ਦੁਨੀਆਂ ਉਸਾਰ ਸਕਦੇ ਹਾਂ। ਇਹ ਵੱਖਰੀ ਗੱਲ ਹੈ ਕਿ ਸਾਡੀ ਸੋਚੀ ਦੁਨੀਆ ਕਦੇ ਸੱਚੀ ਵੀ ਹੋ ਸਕੇਗੀ ਕਿ ਨਹੀਂ। ਦੁਨੀਆ ਨੂੰ ਬਦਲਨਾ ਤਾਂ ਬਹੁਤ ਮੁਸ਼ਕਲ ਹੈ ਪਰ ਕਈ ਵਿਅਕਤੀ ਬਹੁਤ ਹੀ ਆਸਵਾਨ ਹੁੰਦੇ ਹਨ ਤੇ ਨਵੇਂ-ਨਵੇਂ ਸੁਫਨੇ ਲੈਂਦੇ ਹਨ।

ਵਰਤਮਾਨ ਦੁਨੀਆ ਵਿੱਚ ਰਾਜਸੀ, ਆਰਥਿਕ, ਸਮਾਜਿਕ, ਸਭਿਆਚਾਰਕ, ਕਈ ਤਰ੍ਹਾਂ ਦੇ ਵਿਤਕਰੇ ਤੇ ਅਨਿਆਂ

ਹਨ। ਕਈ ਥਾਵਾਂ ਉੱਤੇ ਜੰਗ ਹੋ ਰਹੇ ਹਨ ਤੇ ਕਈ ਥਾਂ ਆਤੰਕਵਾਦ ਫੈਲ ਰਿਹਾ ਹੈ। ਮਨੁੱਖੀ ਜੀਵਨ ਬਹੁਤ ਕੀਮਤੀ ਹੈ ਪਰ ਇਸ ਨੂੰ ਰੋਲਿਆ ਜਾ ਰਿਹਾ ਹੈ। ਇਸ ਹਾਲਤ ਨੂੰ ਬਦਲਣ ਲਈ ਕਈ ਲੋਕ ਕ੍ਰਾਂਤੀ ਦਾ ਰਾਹ ਸੁਝਾਉਂਦੇ ਹਨ। ਸੁਧਾਰਵਾਦੀ ਤਾਂ ਸਮਾਜ ਦੇ ਇੱਕ ਅੱਧੇ ਨੁਕਸ ਨੂੰ ਬਦਲਨ ਦਾ ਜਤਨ ਕਰਦਾ ਹੈ ਪਰ ਕ੍ਰਾਂਤੀਕਾਰੀ ਸਮਾਜ ਨੂੰ ਬੁਨਿਆਦਾਂ ਤੋਂ ਬਦਲ ਕੇ ਇਸ ਦੇ ਅਨੇਕਾਂ ਪੱਖਾਂ ਨੂੰ ਨਵੇਂ ਸਿਰਿਉਂ ਢਾਲਣਾ ਚਾਹੁੰਦਾ ਹੈ। ਇੱਥੇ ਧਨੀ ਰਾਮ ਚਾਤ੍ਰਿਕ ਨੇ ਕ੍ਰਾਂਤੀਕਾਰਾਂ ਵਰਗਾ ਇੱਕ ਸੁਫ਼ਨਾ ਲਿਆ ਹੈ। ਇਸ ਸੁਫ਼ਨੇ ਅਨੁਸਾਰ ਨਵੀਂ ਦੁਨੀਆ ਵਿੱਚ ਸਾਇੰਸ ਦੀਆਂ ਖੋਜਾਂ ਦਾ ਸਦਕਾ ਬਹੁਤ ਪਦਾਰਥਕ ਦੌਲਤ ਪੈਦਾ ਹੋਵੇਗੀ ਤੇ ਖ਼ੁਸ਼ਹਾਲੀ ਖ਼ੂਬ ਵਧੇਗੀ। ਦੁਨੀਆ ਦੀ ਧਰਤੀ ਸਭ ਦੀ ਸਾਂਝੀ ਹੋਵੇਗੀ, ਅਰਥਾਤ ਨਿੱਜੀ ਜਾਇਦਾਦ ਦੀ ਪ੍ਰਥਾ ਖ਼ਤਮ ਹੋ ਜਾਵੇਗੀ। ਜੇ ਦੌਲਤ ਦੀ ਵੰਡ ਸਾਂਝੀ ਹੋ ਜਾਵੇ ਤਾਂ ਕਿਸੇ ਇੱਕ ਧੜੇ ਨੂੰ ਦੂਜੇ ਧੜੇ ਦੀ ਦੌਲਤ ਜਾਂ ਜਾਇਦਾਦ ਖੋਹਣ ਲਈ ਜੰਗ ਕਰਨ ਦੀ ਉਕਸਾਹਟ ਨਹੀਂ ਹੋਵੇਗੀ ਤੇ ਸੰਸਾਰ ਵਿੱਚ ਅਮਨ ਵਰਤੇਗਾ। ਜਿਹੜੀ ਰਾਜਨੀਤੀ ਜਾਂ ਧਰਮ ਮਨੁੱਖਤਾ ਵਿੱਚ ਵੰਡੀਆਂ ਪਾਉਂਦੇ ਹਨ ਉਨ੍ਹਾਂ ਦਾ ਭਵਿੱਖ ਵਿੱਚ ਕੋਈ ਥਾਂ ਨਹੀਂ ਰਹੇਗਾ।

ਮਜ਼ਹਬ ਦੇ ਨਾਂ ਉੱਤੇ ਲੜਾਈ ਝਗੜੇ ਖ਼ਤਮ ਹੋ ਜਾਣਗੇ। ਜ਼ਾਤ-ਪਾਤ ਦੇ ਨਾਂ ਉੱਤੇ ਉਚ-ਨੀਚ ਦੇ ਭੇਦ ਵੀ ਮੁੱਕ ਜਾਣਗੇ। ਦੁਨੀਆ ਇੱਕ ਨਵਾਂ ਸੁਰਗ ਹੋਵੇਗੀ।

ਇਹ ਕਵਿਤਾ ਇੱਕ ਗੀਤ ਦੇ ਨਮੂਨੇ ਉੱਤੇ ਢਾਲੀ ਗਈ ਹੈ। ਇਸ ਦਾ ਹਰ ਇੱਕ ਬੰਦ ਆਪਣੇ ਆਪ ਵਿੱਚ ਕਵਿਤਾ ਦੀ ਇੱਕ ਵੱਖਰੀ ਤੇ ਪੂਰੀ ਇਕਾਈ ਪੇਸ਼ ਕਰਦਾ ਹੈ। ਇਸ ਦੀਆਂ ਤੁਕਾਂ ਦਾ ਤੋਲ ਠੀਕ ਹੈ, ਕਿਧਰੇ ਸਕਤਾ ਨਹੀਂ ਪੈਂਦਾ। ਧਨੀ ਰਾਮ ਚਾਤ੍ਰਿਕ ਦੀ ਇਹ ਕਵਿਤਾ ਕਈ ਹੋਰ ਪੱਖਾਂ ਤੋਂ ਵੀ ਪਾਠਕਾਂ ਨੂੰ ਪ੍ਰਭਾਵਿਤ ਕਰਦੀ ਹੈ। ਇਸ ਵਿੱਚ ਕਵੀ ਨੇ ਬਹੁਤ ਗੱਲਾਂ ਦੱਸੀਆਂ ਹਨ, ਤਕਰੀਬਨ ਹਰ ਸਤਰ ਵਿੱਚ ਉਹ ਨਵੇਂ ਜ਼ਮਾਨੇ ਬਾਰੇ ਕੋਈ ਨਵਾਂ ਨੁਕਤਾ ਪੇਸ਼ ਕਰਦਾ ਹੈ ਪਰ ਇਹ ਮਹਿਸੂਸ ਨਹੀਂ ਹੋਣ ਦੇਂਦਾ ਕਿ ਕਵਿਤਾ ਵਿੱਚ ਬਹੁਤ ਵਾਧੂ ਭਰਤੀ ਕੀਤੀ ਗਈ ਹੈ। ਨਵੇਂ ਜ਼ਮਾਨੇ ਬਾਰੇ ਪੇਸ਼ ਕੀਤੇ ਸਾਰੇ ਵਿਚਾਰ ਖਿੱਚ ਪਾਉਣ ਵਾਲੇ ਹਨ ਤੇ ਅਕਾਵੇਂ ਉੱਕਾ ਨਹੀਂ। ਇੰਜ ਲਗਦਾ ਹੈ ਕਿ ਸਹਿਜ-ਸੁਭਾ ਗੱਲ ਵਿੱਚੋਂ ਗੱਲ ਨਿਕਲਦੀ ਆਉਂਦੀ ਹੈ। ਸੁਭਾਵਿਕਤਾ ਇਸ ਕਵਿਤਾ ਦਾ ਟੁੰਬਵਾਂ ਲੱਛਣ ਹੈ। ਇਸ ਨਾਲ ਮਿਲਦਾ-ਜੁਲਦਾ ਇੱਕ ਹੋਰ ਗੁਣ ਸਪਸ਼ਟਤਾ ਦਾ ਹੈ। ਇੱਥੇ ਸਹਿਜ ਸੁਭਾ ਗੱਲ ਵਿੱਚੋਂ ਗੱਲ ਹੀ ਨਹੀਂ ਨਿਕਲਦੀ, ਹਰ ਗੱਲ ਸਪਸ਼ਟ ਵੀ ਹੈ। ਇਸ ਕਵਿਤਾ ਵਿੱਚ ਕਿੱਧਰੇ ਧੁੰਦ ਨਹੀਂ, ਅਰਥਾਤ ਇਸ ਨੂੰ ਸਮਝਣ ਵੇਲੇ ਪਾਠਕ ਨੂੰ ਆਪਣੇ ਦਿਮਾਗ਼ ਉੱਤੇ ਬੋਝ ਨਹੀਂ ਪਾਉਣਾ ਪੈਂਦਾ। ਸੁਭਾਵਿਕਤਾ ਤੇ ਸਪਸ਼ਟਤਾ ਦੇ ਮਿਲਵੇਂ ਅਸਰ ਸਦਕਾ, ਇਸ ਕਵਿਤਾ ਵਿੱਚ ਸਰਲਤਾ ਦਾ ਗੁਣ ਵੀ ਪ੍ਰਵੇਸ਼ ਕਰਦਾ ਹੈ।

ਪਰ ਸਫ਼ਲਤਾ ਦਾ ਮਤਲਬ ਇਹ ਨਹੀਂ ਹੈ ਕਿ ਇਹ ਕਵਿਤਾ ਸਾਦਾ-ਮੁਰਾਦੀ ਹੈ। ਕਵੀ ਨੇ ਨਵੇਂ ਜ਼ਮਾਨੇ ਬਾਰੇ ਜੋ ਵਿਚਾਰ ਦੱਸੇ ਹਨ ਉਹ ਸਿੱਧੇ ਵਾਰਤਕਮਈ ਢੰਗ ਨਾਲ ਵਰਣਨ ਨਹੀਂ ਕੀਤੇ। ਲਗਪਗ ਹਰ ਵਿਚਾਰ ਨੂੰ ਕਲਾ ਦੇ ਸੁਹਜ ਵਿੱਚ ਲਪੇਟਿਆ ਹੈ। ਇਸ ਸੁਹਜ ਦਾ ਇੱਕ ਵੱਡਾ ਆਧਾਰ ਰੂਪਕ ਹਨ। ਸਾਰੀ ਕਵਿਤਾ ਇੱਕ ਪੌੜੀ ਦੇ ਰੂਪਕ ਵਿੱਚ ਢਾਲੀ ਗਈ ਹੈ। ਇਸ ਵਿਸ਼ਾਲ ਰੂਪਕ ਤੋਂ ਛੁੱਟ ਕਈ ਛੋਟੇ ਆਕਾਰ ਵਾਲੇ ਰੂਪਕ ਅਲੰਕਾਰ ਵੀ ਵਰਤੇ ਗਏ ਹਨ, ਜਿਵੇਂ ਮਜ਼ਹਬ ਦੇ ਅਸਰ ਘਟਣ ਨੂੰ "ਮਜ਼ਹਬ ਦਾ ਸੂਰਜ ਢਲਦਾ" ਕਹਿਣਾ ਤੇ ਮਨੁੱਖਤਾ ਦਾ ਅਸਰ ਵਧਣ ਨੂੰ "ਮਨੁੱਖਤਾ ਦਾ ਸਿੱਕਾ ਚਲਦਾ" ਕਹਿਣਾ। ਇਹੋ ਜਿਹੇ ਨਿੱਕੇ ਪਰ ਸੁਹਜ ਭਰੇ ਹੋਰ ਰੂਪਕ ਹਨ—"ਮਕਰ ਦਿਖਾਵੇ ਦਾ ਮੂੰਹ ਕਾਲਾ" "ਸੱਚ ਦੀ ਜੈ ਜੈ ਕਾਰ", ਆਦਿਕ। ਕਈ ਥਾਈਂ ਇੱਕੋ ਲਫ਼ਜ਼ ਵਿੱਚ ਰੂਪਕ ਦਾ ਸੁਆਦ ਭਰ ਦਿੱਤਾ ਹੈ, ਜਿਵੇਂ "ਦਫ਼ਨ", "ਲਾਨ੍ਹਤਾਂ", "ਬਿਮਾਰੀ", "ਬੇਜ਼ਾਰ"। ਇਹ ਚਾਰੇ ਪ੍ਰਮਾਣ ਇੱਕੋ (ਦੂਜੇ) ਬੰਦ ਵਿੱਚੋਂ ਹਨ। ਤੁਸੀਂ ਰੂਪਕਾਂ ਦੇ ਇਸ ਗੁਣ ਨੂੰ ਭਾਸ਼ਾ ਦਾ ਰਸ ਵੀ ਕਹਿ ਸਕਦੇ ਹੋ। ਧਨੀ ਰਾਮ ਚਾਤ੍ਰਿਕ ਦੀ ਭਾਸ਼ਾ ਮੁਹਾਵਰੇਦਾਰ ਹੈ, ਸਾਦੀ ਨਹੀਂ। ਇਸ ਤਰ੍ਹਾਂ ਦੀ ਭਾਸ਼ਾ ਉਹ ਕਵੀ ਹੀ ਵਰਤਦਾ ਹੈ ਜਿਸ ਨੂੰ ਕਾਵਿਕ ਭਾਸ਼ਾ ਵਰਤਣ ਦੀ ਜਾਚ ਹੋਵੇ ਤੇ ਪਾਠਕ ਨੂੰ ਸੁਆਦ ਦੇਣ ਦਾ ਚਾਅ ਹੋਵੇ। ਇਹ ਭਾਸ਼ਾ ਕਾਵਿਕ ਵੀ ਹੈ ਤੇ ਸੌਖੀ ਵੀ। ਤਦੇ ਇਹ ਸਪਸ਼ਟ ਵੀ ਹੈ ਤੇ ਰਸਦਾਇਕ ਵੀ। ਚਾਤ੍ਰਿਕ ਠੇਠ ਕੇਂਦਰੀ ਪੰਜਾਬੀ ਵਰਤਦਾ ਹੈ।

**ਪੰਜਵਾਂ ਅਭਿਆਸ**

**ਨੋਟ**: ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਖ਼ਾਲੀ ਛੱਡੀਆਂ ਥਾਵਾਂ ਉੱਤੇ ਲਿਖੋ।

1 ਧਨੀ ਰਾਮ ਚਾਤ੍ਰਿਕ ਦੇ ਜੀਵਨ ਤੇ ਰਚਨਾਵਾਂ ਬਾਰੇ ਇੱਕ ਨੋਟ ਲਿਖੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਧਨੀ ਰਾਮ ਚਾਤ੍ਰਿਕ ਉੱਤੇ ਪਏ ਪ੍ਰਭਾਵਾਂ ਦੀ ਚਰਚਾ ਕਰਦੇ ਹੋਏ ਉਸ ਦੇ ਮੁੱਖ ਵਿਸ਼ਿਆਂ ਦੀ ਜਾਣਕਾਰੀ ਦਿਓ।

3 ਧਨੀ ਰਾਮ ਚਾਤ੍ਰਿਕ ਦੀ ਕਵਿਤਾ ''ਨਵੀਂ ਦੁਨੀਆ'' ਦੇ ਵਿਸ਼ੇ ਉੱਤੇ ਇੱਕ ਆਲੋਚਨਾਤਮਕ ਨੋਟ ਲਿਖੋ।

4 ਧਨੀ ਰਾਮ ਚਾਤ੍ਰਿਕ ਦੀ ਕਵਿਤਾ ''ਨਵੀਂ ਦੁਨੀਆ'' ਦੇ ਕਾਵਿਕ ਗੁਣ ਦੱਸੋ।

## 15.8 ਸਾਰ

ਇਸ ਪਾਠ ਵਿੱਚ ਅਸੀਂ ਪੰਜਾਬੀ ਸਾਹਿੱਤ ਤੇ ਪੰਜਾਬ ਦੇ ਸਾਹਿੱਤ ਦਾ ਫ਼ਰਕ ਸਪਸ਼ਟ ਕਰਦੇ ਹੋਏ ਪੰਜਾਬੀ ਭਾਸ਼ਾ ਵਿੱਚ ਲਿਖੇ ਸਾਹਿੱਤ ਨੂੰ ਪੰਜਾਬੀ ਸਾਹਿੱਤ ਕਹਿਣਾ ਵਾਜਬ ਦਰਸਾਇਆ ਹੈ। ਇਸ ਸਾਹਿੱਤ ਵਿੱਚ ਪਿਛਲੇ ਸੱਤ-ਅੱਠ ਸੋ ਸਾਲਾਂ ਵਿੱਚ ਅਨੇਕਾਂ ਧਰਮਾਂ ਨਾਲ ਸੰਬੰਧਿਤ ਅਨੇਕਾਂ ਲੇਖਕਾਂ ਨੇ ਅਨੇਕਾਂ ਵਿਸ਼ਿਆਂ ਉੱਤੇ ਕਲਮ ਚੁੱਕੀ ਹੈ,

ਜਿਨ੍ਹਾਂ ਵਿੱਚੋਂ ਅਸੀਂ ਗੁਰੂ ਨਾਨਕ ਦੇਵ, ਸ਼ਾਹ ਹੁਸੈਨ, ਵਾਰਿਸ ਸ਼ਾਹ ਤੇ ਧਨੀ ਰਾਮ ਚਾਤ੍ਰਿਕ ਦੀ ਕਵਿਤਾ ਦਾ ਇੱਕ-ਇੱਕ ਨਮੂਨਾ ਚੁਣ ਕੇ ਤੁਹਾਨੂੰ ਇਨ੍ਹਾਂ ਕਵੀਆਂ ਦਾ ਪਰਿਚੈ ਦਿੱਤਾ ਹੈ।

ਗੁਰੂ ਨਾਨਕ ਸਾਹਿਬ ਪੰਜਾਬੀ ਸਾਹਿੱਤ ਦੀ ਗੁਰਮਤਿ ਧਾਰਾ ਦੇ ਪ੍ਰਤੀਨਿਧ ਹਨ ਤੇ ਉਹ ਰਹੱਸਵਾਦ, ਅਧਿਆਤਮਵਾਦ, ਨੈਤਿਕਤਾ, ਸਮਾਜਿਕ ਨਿਆਂ ਤੇ ਰਾਜਸੀ ਨਿਆਂ ਵਰਗੇ ਵਿਸ਼ੇ ਅਪਨਾਉਂਦੇ ਹਨ। ਸ਼ਾਹ ਹੁਸੈਨ ਪੰਜਾਬੀ ਸਾਹਿੱਤ ਦੀ ਸੂਫ਼ੀ ਧਾਰਾ ਦਾ ਪ੍ਰਤੀਨਿਧ ਹੈ ਤੇ ਬਹੁਤਾ ਰਹੱਸਵਾਦ ਤੇ ਨਾਸ਼ਮਾਨਤਾ ਬਾਰੇ ਲਿਖਦਾ ਹੈ। ਵਾਰਿਸ ਸ਼ਾਹ ਕਿੱਸਾਕਾਰਾਂ ਵਿੱਚੋਂ ਸਭ ਤੋਂ ਵੱਧ ਪ੍ਰਸਿੱਧ ਹੈ ਤੇ ਉਸ ਦਾ ਹੀਰ ਦਾ ਕਿੱਸਾ ਹੀਰ ਦੀ ਬਲਵਾਨ ਪਾਤਰ-ਉਸਾਰੀ, ਪੰਜਾਬੀ ਭਾਸ਼ਾ ਤੇ ਬੈਂਤ ਛੰਦ ਦੀ ਵਧੀਆਪਣ ਕਰਕੇ ਮਸ਼ਹੂਰ ਹੋਇਆ ਹੈ। ਧਨੀ ਰਾਮ ਚਾਤ੍ਰਿਕ ਨੇ ਵੀਹਵੀਂ ਸਦੀ ਦੇ ਵਿਚਕਾਰਲੇ ਸਾਲਾਂ ਵਿੱਚ ਪੰਜਾਬ ਵਿੱਚ ਫੈਲ ਰਹੇ ਮਸਲਿਆਂ—ਦੇਸ਼ ਭਗਤੀ, ਆਜ਼ਾਦੀ ਦੀ-ਜੱਦੋ-ਜਿਹਦ, ਪੰਜਾਬ ਨਾਲ ਪ੍ਰੇਮ, ਪੰਜਾਬੀ ਭਾਸ਼ਾ ਨਾਲ ਪ੍ਰੇਮ ਇਸਤਰੀ ਤੇ ਕਿਰਤੀਆਂ ਦਾ ਹੱਕ, ਧਾਰਮਿਕ ਸਹਿਨਸ਼ੀਲਤਾ, ਅਮਨ ਆਦਿਕ ਉੱਤੇ ਰਚਨਾ ਕੀਤੀ ਹੈ।

## 15.9 ਸਹਾਇਕ ਪੁਸਤਕਾਂ


1 **ਕਿੱਸਾ ਕਾਵਿ-ਅੰਕ**, ਸਾਹਿੱਤ ਸਮਾਚਾਰ, ਲਾਹੌਰ ਬੁਕ ਸ਼ਾਪ, ਲੁਧਿਆਣਾ, 1962
2 **ਉਪਦੇਸ਼ਾਤਮਕ ਕਾਵਿ-ਅੰਕ**, ਪੰਜਾਬੀ ਦੁਨੀਆ, ਭਾਸ਼ਾ ਵਿਭਾਗ, ਪਟਿਆਲਾ, 1956
3 **ਗੁਰੂ ਸਾਹਿੱਤ ਅੰਕ**, ਸਾਹਿੱਤ ਸਮਾਚਾਰ, ਲਾਹੌਰ ਬੁਕ ਸ਼ਾਪ, ਲੁਧਿਆਣਾ, 1970
4 **ਕਵਿਤਾ ਅੰਕ**, ਸਾਹਿੱਤ ਸਮਾਚਾਰ, ਲਾਹੌਰ ਬੁਕ ਸ਼ਾਪ, ਲੁਧਿਆਣਾ
5 **ਕਿੱਸਾ ਕਾਵਿ ਅੰਕ**, ਪੰਜਾਬੀ ਦੁਨੀਆ, ਮਹਿਕਮਾ ਪੰਜਾਬੀ, ਪਟਿਆਲਾ, 1956
6 **ਪੰਜਾਬੀ ਸਾਹਿੱਤ ਦਾ ਇਤਿਆਸ - ਭਾਗ ਪਹਿਲਾ ਤੇ ਭਾਗ ਦੂਜਾ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1967, 1973
7 ਪਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਕੇਸਲ, **ਪੰਜਾਬੀ ਸਾਹਿੱਤ ਦੀ ਉਤਪਤੀ ਤੇ ਵਿਕਾਸ**, ਲਾਹੌਰ ਬੁਕ ਸ਼ਾਪ ਲੁਧਿਆਣਾ, 1968
8 ਨਰਿੰਦਰ ਸਿੰਘ ਦੁੱਗਲ, **ਪੰਜਾਬੀ ਸਾਹਿੱਤ**, ਨਿਊ ਬੁਕ ਕੰਪਨੀ, ਜਲੰਧਰ, 1965
9 ਪਿਆਰਾ ਸਿੰਘ, **ਪੰਜਾਬੀ ਕਵਿਤਾ ਪਰੰਪਰਾ ਤੇ ਵਿਕਾਸ**, ਲਾਹੌਰ ਬੁਕ ਸ਼ਾਪ, ਲੁਧਿਆਣਾ।
10 ਪ੍ਰਿਤਪਾਲ ਸਿੰਘ, **ਪੰਜਾਬੀ ਸਾਹਿੱਤ ਦੀ ਜਾਣ-ਪਛਾਣ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1968
11 ਪਿਆਰਾ ਸਿੰਘ ਭੋਗਲ, **ਪੰਜਾਬੀ ਕਵਿਤਾ ਦੇ ਸੌ ਸਾਲ** (1850-1954) ਨਿਊ ਬੁਕ ਕੰਪਨੀ, ਜਲੰਧਰ, 1955
12 ਪਿਆਰਾ ਸਿੰਘ ਭੋਗਲ, **ਪ੍ਰਸਿੱਧ ਕਿੱਸਾਕਾਰ**, ਹਿਰਦੇਜੀਤ ਪ੍ਰਕਾਸ਼ਨ, ਜਲੰਧਰ, 1971
13 **ਮਹਾਂਕਵੀ ਧਨੀ ਰਾਮ ਚਾਤ੍ਰਿਕ**, ਸਾਹਿੱਤ ਸਮਾਚਾਰ, ਲਾਹੌਰ ਬੁਕ ਸ਼ਾਪ, ਲੁਧਿਆਣਾ।
14 **ਸ਼ਾਹ ਹੁਸੈਨ**, ਭਾਸ਼ਾ ਵਿਭਾਗ, ਪਟਿਆਲਾ, 1970
15 ਗੁਰਦੇਵ ਸਿੰਘ, **ਕਲਾਮ ਸ਼ਾਹ ਹੁਸੈਨ** ਲਾਹੌਰ ਬੁਕ ਸ਼ਾਪ, ਲੁਧਿਆਣਾ, 1969
16 ਜਸਬੀਰ ਕੇਸਰ, **ਪੰਜਾਬੀ ਸਾਹਿੱਤ ਦੀ ਭੂਮਿਕਾ**, ਪੰਜਾਬੀ ਲੇਖਕ ਸਦਨ, ਚੰਡੀਗੜ੍ਹ, 1978
17 ਸੀਤਾ ਰਾਮ ਬਾਹਰੀ, **ਸਾਹਿੱਤ ਮੰਥਨ**, ਹਿੰਦ ਪਬਲਿਸ਼ਰਜ਼, ਜਲੰਧਰ
18 ਪ੍ਰੀਤਮ ਸਿੰਘ ਸਰਗੋਧਿਆ, **ਸਾਹਿੱਤ ਸਰਗਮ**, ਨਿਊ ਬੁਕ ਕੰਪਨੀ, ਜਲੰਧਰ, 1968
19 **ਵਾਰਿਸ ਅੰਕ**, ਪੰਜਾਬੀ ਦੁਨੀਆ, ਮਹਿਕਮਾ ਪੰਜਾਬੀ, ਪਟਿਆਲਾ, 1954
20 ਗੁਰਬਚਨ ਸਿੰਘ ਸ਼ਾਹੀ, **ਕਰਮ ਪ੍ਰਤਿਕਰਮ**, ਰਵੀ ਸਾਹਿੱਤ ਪ੍ਰਕਾਸ਼ਨ ਅਮ੍ਰਿਤਸਰ, 1978
21 ਗੁਪਾਲ ਸਿੰਘ ਦਰਦੀ, **ਰੁਮਾਂਟਿਕ ਪੰਜਾਬੀ ਕਵੀ**, ਪੰਜਾਬੀ ਐਕੇਡਮੀ, ਨਵੀਂ ਦਿੱਲੀ, 1950
22 ਤੇਜਾ ਸਿੰਘ, **ਸਾਹਿੱਤ ਦਰਸ਼ਨ**, ਪ੍ਰਕਾਸ਼ ਪੁਸਤਕਾਲਾ, ਪਟਿਆਲਾ, 1951
23 ਆਧੁਨਿਕ ਪੰਜਾਬੀ ਕਾਵਿ ਅੰਕ, **ਸਾਹਿੱਤ ਸਮਾਚਾਰ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1959
24 ਮੋਹਨ ਸਿੰਘ ਦੀਵਾਨਾ (ਸੰਪ.) **ਚਾਤ੍ਰਿਕ ਅਭਿਨੰਦਨ ਗ੍ਰੰਥ**, ਸੁਦਰਸ਼ਨ ਪ੍ਰੈਸ, ਅਮ੍ਰਿਤਸਰ, 1950


## 15.10 ਅਭਿਆਸਾਂ ਦੇ ਉੱਤਰ

**ਪਹਿਲਾ ਅਭਿਆਸ**

1 ਜਦ ਅਸੀਂ ਪੰਜਾਬੀ ਸਾਹਿੱਤ ਦਾ ਨਾਂ ਲੈਂਦੇ ਹਾਂ ਤਾਂ ਸਾਡਾ ਮਤਲਬ ਪੰਜਾਬੀ ਭਾਸ਼ਾ ਵਿੱਚ ਲਿਖੇ ਸਾਹਿੱਤ ਤੋਂ ਹੁੰਦਾ ਹੈ, ਉਹ ਭਾਵੇਂ ਕੋਈ ਪੰਜਾਬ ਵਿੱਚ ਬੈਠ ਕੇ ਲਿਖੇ ਜਾਂ ਪੰਜਾਬੋਂ ਬਾਹਰ ਬੈਠ ਕੇ। ਦੂਜੇ ਪਾਸੇ ਪੰਜਾਬ ਵਿੱਚ ਵੱਸਣ ਵਾਲੇ ਲੋਕਾਂ ਦਾ ਲਿਖਿਆ ਸਾਰਾ ਸਾਹਿੱਤ ਪੰਜਾਬੀ ਸਾਹਿੱਤ ਨਹੀਂ। ਕਈ ਪੰਜਾਬੀ ਲੇਖਕ ਹਿੰਦੀ, ਉਰਦੂ ਜਾਂ ਅੰਗਰੇਜ਼ੀ ਵਿੱਚ ਸਾਹਿੱਤ ਰਚਦੇ ਹਨ। ਉਹ ਪੰਜਾਬ ਦਾ ਸਹਿੱਤ ਤਾਂ ਕਿਹਾ ਜਾ ਸਕਦਾ ਹੈ, ਪੰਜਾਬੀ ਦਾ ਸਾਹਿੱਤ ਨਹੀਂ।

2 ਪੰਜਾਬੀ ਸਾਹਿੱਤ ਦੀਆਂ ਮੁੱਖ ਧਾਰਾਵਾਂ ਹੇਠ ਲਿਖੀਆਂ ਹਨ :
ੳ) ਗੁਰਮਤਿ ਧਾਰਾ
ਅ) ਸੂਫ਼ੀ ਧਾਰਾ
ੲ) ਕਿੱਸਾ ਧਾਰਾ
ਸ) ਆਧੁਨਿਕ ਧਾਰਾ

3 ਪੰਜਾਬੀ ਸਾਹਿੱਤ ਵਿੱਚ ਛੋਹੇ ਗਏ ਮੁੱਖ ਵਿਸ਼ੇ ਹਨ: ਰਹੱਸਵਾਦ, ਦੁਨਿਆਵੀ ਪ੍ਰੀਤ, ਘਰੋਗੀ ਜੀਵਨ ਦੀਆਂ ਸਮੱਸਿਆਵਾਂ, ਦੇਸ਼-ਪਿਆਰ, ਕਿਸਾਨਾਂ ਜਾਂ ਮਜ਼ਦੂਰਾਂ ਦੇ ਮਸਲੇ, ਸਰਕਾਰ ਤੇ ਸਰਕਾਰੀ ਕਰਮਚਾਰੀਆਂ ਦੀ ਕਾਰਗੁਜ਼ਾਰੀ, ਸਰਮਾਇਆਦਾਰ ਸ਼੍ਰੇਣੀ ਦੀ ਲੁੱਟ-ਖਸੁੱਟ, ਅਮਨ ਦੇ ਗੁਣ ਤੇ ਅਮਨ ਵਿਰੋਧੀਆਂ ਦਾ ਖੰਡਨ ਆਦਿ।

ਦੂਜਾ ਅਭਿਆਸ

1 ਗੁਰੂ ਨਾਨਕ ਸਾਹਿਬ ਦਾ ਜਨਮ 1469 ਵਿੱਚ ਰਾਏ ਭੋਇ ਦੀ ਤਲਵੰਡੀ ਵਿੱਚ ਹੋਇਆ ਜਿਸ ਦਾ ਨਾਂ ਅੱਜ ਕਲ ਨਨਕਾਣਾ ਸਾਹਿਬ ਹੈ। ਆਪ ਨੇ ਬਚਪਨ ਉੱਥੇ ਹੀ ਬਿਤਾਇਆ ਤੇ ਵਿਆਹ ਹੋਣ ਬਾਅਦ ਸੁਲਤਾਨਪੁਰ ਦੇ ਨਵਾਬ ਦੌਲਤ ਖਾਂ ਕੋਲ ਮੋਦੀ ਖ਼ਾਨੇ ਦੀ ਨੌਕਰੀ ਜਾ ਕੀਤੀ। ਉੱਥੇ ਉਨ੍ਹਾਂ ਦੇ ਘਰ ਦੋ ਪੁੱਤਰ ਸ੍ਰੀ ਚੰਦ ਤੇ ਲੱਖਮੀ ਦਾਸ ਹੋਏ। ਪਰਿਵਾਰ ਨੂੰ ਆਪਣੀ ਭੈਣ ਨਾਨਕੀ ਕੋਲ ਛੱਡ ਕੇ ਉਹ ਦੇਸ ਰਟਣ ਉੱਤੇ ਚੜ੍ਹ ਪਏ ਤੇ ਭਾਰਤ ਦੇ ਉੱਤਰ, ਪੂਰਬ, ਦੱਖਣ ਤੇ ਪੱਛਮ ਵਿੱਚ ਖ਼ੂਬ ਘੁੰਮੇ: ਉਹ ਭਾਰਤ ਤੋਂ ਬਾਹਰ ਮੱਕੇ, ਮਦੀਨੇ, ਬਗਦਾਦ ਆਦਿ ਵੀ ਗਏ। ਆਪਣੀ ਆਯੂ ਦੇ ਅੰਤਲੇ ਸਾਲ ਉਨ੍ਹਾਂ ਨੇ ਕਰਤਾਰਪੁਰ ਬਿਤਾਏ। ਉੱਥੇ ਪਰਿਵਾਰ ਨੂੰ ਲੈ ਆਂਦਾ, ਵਾਹੀ ਕਰਵਾਈ ਤੇ ਧਰਮਸ਼ਾਲਾ ਕਾਇਮ ਕੀਤੀ। ਉੱਥੇ ਹੀ ਉਹ 1539 ਈ: ਵਿੱਚ ਦੇਹ ਤਿਆਗ ਗਏ। ਗੁਰੂ ਨਾਨਕ ਦੇ ਜੀਵਨ ਦਾ ਉਦੇਸ਼ ਲੋਕਾਂ ਨੂੰ ਪਰਮਾਤਮਾ ਨਾਲ ਪ੍ਰੇਮ ਕਰਨ ਤੇ ਉਸ ਨਾਲ ਸੰਜੋਗ ਪ੍ਰਾਪਤ ਕਰਨ ਦੀ ਪਰੇਰਨਾ ਤੇ ਸਿਖਲਾਈ ਦੇਣਾ ਸੀ। ਉਹ ਉਨ੍ਹਾਂ ਦੀ ਸਦਾਚਾਰਕ ਸੁਧਾਈ ਉੱਤੇ ਵੀ ਜ਼ੋਰ ਦੇਂਦੇ ਸਨ। ਉਹ ਸਮਾਜ ਵਿੱਚੋਂ ਉਚ-ਨੀਚ ਦੇ ਵਿਤਕਰਿਆਂ ਨੂੰ ਮਿਟਾਉਣ ਦਾ ਜਤਨ ਕਰਦੇ ਰਹੇ। ਜਾਤ-ਪਾਤ ਦੇ ਭੇਦ, ਛੂਤ-ਛਾਤ ਦੇ ਰੋਗ ਤੇ ਇਸਤਰੀ ਨੂੰ ਵੀ ਨੀਵਾਂ ਸਮਝਣ ਦੀ ਰੁਚੀ ਦਾ ਉਹ ਵਿਰੋਧ ਕਰਦੇ ਰਹੇ। ਮਜ਼ਹਬੀ ਕੱਟੜਤਾ, ਧਾਰਮਿਕ ਦੰਭ ਤੇ ਰਾਜਸੀ ਅਨਿਆਂ ਦੇ ਵਿਰੁੱਧ ਉਹ ਖ਼ੂਬ ਬੋਲੇ।

2 ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਮੁੱਖ ਵਿਸ਼ੇ ਹਨ ਰਹੱਸਵਾਦ, ਅਧਿਆਤਮਵਾਦ, ਸਦਾਚਾਰ, ਸਮਾਜਕ ਸੁਧਾਰ, ਮਾਨਵੀ ਏਕਤਾ, ਸ਼ਾਂਤੀ, ਰਾਜਸੀ ਨਿਆਂ, ਆਦਿਕ।

3 "ਸਿੰਮਲ ਰੁੱਖ ਸਰਾਇਰਾ" ਵਾਲੇ ਸਲੋਕ ਵਿੱਚ ਗੁਰੂ ਨਾਨਕ ਸਾਹਿਬ ਨੇ ਨਿਮਰਤਾ ਤੇ ਮਿਠਾਸ ਨੂੰ ਸਭ ਗੁਣਾਂ ਤੇ ਚੰਗਿਆਈਆਂ ਦਾ ਤੱਤ ਦੱਸਿਆ ਹੈ। ਸਿੰਮਲ ਦਾ ਬਿਰਛ ਉੱਚਾ, ਲੰਮਾ ਤੇ ਫੈਲਾਓਦਾਰ ਹੁੰਦਾ ਹੈ ਪਰ ਉਸ ਦੇ ਫਲ ਫਿੱਕੇ ਤੇ ਫੁੱਲ ਬਕਬਕੇ ਹੁੰਦੇ ਹਨ ਜਿਸ ਕਰਕੇ ਪੰਛੀ ਉਸ ਵੱਲ ਆ ਕੇ ਨਿਰਾਸ਼ ਮੁੜ ਜਾਂਦੇ ਹਨ। ਇਸੇ ਤਰ੍ਹਾਂ ਕਈ ਲੋਕ ਵੱਡੇ ਤੇ ਰੋਅਬਦਾਬ ਵਾਲੇ ਹੁੰਦੇ ਹਨ ਪਰ ਉਹ ਨਿਕੰਮੇ ਹਨ। ਉੱਤਮ ਪੁਰਸ਼ ਵਿੱਚ ਨਿਮਰਤਾ ਦਾ ਗੁਣ ਹੁੰਦਾ ਹੈ ਤੇ ਉਹ ਮਿੱਠਾ ਬੋਲਦਾ ਹੈ।

ਤੀਜਾ ਅਭਿਆਸ

1 ਸ਼ਾਹ ਹੁਸੈਨ ਦੇ ਮਲਾਮਤੀ ਟੋਲੇ ਨਾਲ ਸੰਬੰਧਿਤ ਹੋਣ ਦੇ ਅਰਥ ਹਨ ਕਿ ਉਹ ਲੋਕਾਂ ਦੀ ਵਾਹ-ਵਾਹ ਦੀ ਉੱਕਾ ਪਰਵਾਹ ਨਹੀਂ ਸੀ ਕਰਦਾ, ਸਗੋਂ ਜਾਣ ਬੁੱਝ ਕੇ ਅਜਿਹੇ ਕੰਮ ਕਰਦਾ ਸੀ, ਜਿਨ੍ਹਾਂ ਨੂੰ ਦੇਖ ਕੇ ਕੱਟੜ ਤੇ ਕਰਮਕਾਂਡੀ ਮੁਸਲਮਾਨ ਲੋਕ ਮੂੰਹ ਵੱਟਣ ਅਤੇ ਉਸ ਦੀ ਨਿੰਦਾ ਕਰਨਾ। ਉਹ ਬੇਸਮਝ ਲੋਕਾਂ ਦੀ ਨਿੰਦਾ ਤੋਂ ਬੇਪਰਵਾਹ ਰਹਿੰਦਾ ਸੀ।

2 ਸ਼ਾਹਾ ਹੁਸੈਨ ਦੀ ਕਾਫ਼ੀ "ਤਿਨ੍ਹਾਂ ਨੂੰ ਗ਼ਮ ਕੈਂਦਾ" ਵਿੱਚ ਉਸ ਦੇ ਰਹੱਸਵਾਦੀ ਜੀਵਨ ਦੇ ਸੰਜੋਗ-ਪੱਖ ਦਾ ਵਰਣਨ ਹੈ। ਉਹ ਇਸ ਸੰਜੋਗ ਦੇ ਸਮੇਂ ਅਨੰਦ ਮਾਣਦਾ ਹੈ। ਉਹ ਅੱਲਾ ਦੇ ਦਿਆਲੂ ਸੁਭਾ ਤੋਂ ਵਾਕਿਫ਼ ਹੁੰਦਾ ਹੈ। ਉਸ ਦਾ ਜੀਅ ਕਰਦਾ ਹੈ ਕਿ ਉਹ ਇਹੋ ਜਿਹੇ ਵਧੀਆ ਪ੍ਰੀਤਮ ਦੀ ਖ਼ਬਰ ਸਭ ਨੂੰ ਸੁਣਾਵੇ। ਉਹ ਜਾਣਦਾ ਹੈ ਕਿ ਕੋਈ ਵਿਰਲੇ ਹੀ ਇਹ ਸੁਣਨਗੇ।

ਚੌਥਾ ਅਭਿਆਸ

1 ਵਾਰਿਸ ਸ਼ਾਹ ਦੀ ਹੀਰ ਪ੍ਰਸਿੱਧੀ ਦਾ ਸਭ ਤੋਂ ਵੱਡਾ ਕਾਰਨ ਹੀਰ ਦੀ ਪਾਤਰ-ਉਸਾਰੀ ਹੈ। ਹੀਰ ਦਾ ਸੱਚਾ ਇਸ਼ਕ, ਸਿਦਕ, ਸਿਰੜ ਤੇ ਪਿਆਰ ਦੀ ਖ਼ਾਤਰ ਕੁਰਬਾਨੀ ਕਰ ਸਕਣ ਵਾਲੇ ਗੁਣ ਉਸ ਦੇ ਆਚਰਨ ਨੂੰ ਬਹੁਤ ਬਲਵਾਨ ਤੇ ਸਾਧਾਰਨ ਕੁੜੀਆਂ ਤੋਂ ਨਿਆਰਾ ਦਰਸਾਉਂਦੇ ਹਨ। ਆਮ ਲੋਕ ਇਹੋ ਜਿਹੇ ਪਾਤਰਾਂ ਨੂੰ ਪਸੰਦ ਕਰਦੇ ਹਨ।

ਵਾਰਿਸ ਦੀ ਹੀਰ ਦੀ ਭਾਸ਼ਾ ਠੇਠ ਤੇ ਮੁਹਾਵਰੇਦਾਰ ਪੰਜਾਬੀ ਹੈ। ਉਸ ਨੇ ਕਈ ਤਰ੍ਹਾਂ ਦੇ ਅਲੰਕਾਰ ਵਰਤ ਕੇ ਕਿੱਸੇ ਦੇ ਸੁਹਜ-ਸੁਆਦ ਵਿੱਚ ਵਾਧਾ ਕੀਤਾ ਹੈ। ਉਸ ਨੇ ਸਾਰੇ ਕਿੱਸੇ ਵਿੱਚ ਬੈਂਤ ਛੰਦ ਦੀ ਵਰਤੋਂ ਕੀਤੀ ਹੈ ਜਿਸ ਉੱਤੇ ਉਸ ਨੂੰ ਪੂਰਾ ਕਾਬੂ ਹਾਸਲ ਹੈ। ਹੀਰ ਦੇ ਕਿੱਸੇ ਨੂੰ ਨਾਟਕੀ ਸ਼ੈਲੀ ਉੱਤੇ ਢਾਲਿਆ ਗਿਆ ਹੈ।

2 ਵਾਰਿਸ ਦੀ ਹੀਰ ਦਾ "ਭਾਈਆਂ ਬਾਝ ਨਾ ਮਜਲਿਸਾਂ ਸੋਹੰਦੀਆਂ ਨੇ" ਵਾਲਾ ਬੰਦ ਜੱਟਾਂ-ਜ਼ਿਮੀਂਦਾਰਾਂ ਵਿੱਚ ਭਰਾਵਾਂ ਦੇ ਮਹੱਤਵ ਨੂੰ ਉਘਾੜਦਾ ਹੈ। ਪਰਿਵਾਰ ਵਿੱਚ ਕਦੇ ਕਦੇ ਕੋਈ ਵਿਆਹ ਜਾਂ ਹੋਰ ਸਮਾਗਮ ਹੋਵੇ ਤਾਂ ਭਰਾਵਾਂ ਨਾਲ ਉਹ ਸੋਭਦਾ ਹੈ। ਲੜਾਈ ਝਗੜੇ ਵੇਲੇ ਭਰਾ ਇੱਕ ਦੂਜੇ ਨੂੰ ਬਹੁੜਦੇ ਹਨ। ਭਰਾ ਮਰ ਜਾਣ ਤਾਂ

ਬੜਾ ਵੱਡਾ ਆਸਰਾ ਟੁੱਟ ਜਾਂਦਾ ਹੈ। ਭਰਾ ਸਭ ਤੋਂ ਵੱਡੇ ਮਿੱਤਰ ਹੁੰਦੇ ਹਨ।

3 ਵਾਰਿਸ ਨੇ ਇਨ੍ਹਾਂ ਚਾਰ ਤੁਕਾਂ ਵਿੱਚ ਭਰਾਵਾਂ ਦੇ ਮੂੰਹੋਂ ਰਾਂਝੇ ਨੂੰ ਘਰ ਛੱਡ ਕੇ ਨਾ ਜਾਣ ਦੇ ਹੱਕ ਵਿੱਚ ਜੋ ਦਲੀਲਾਂ ਕਢਾਈਆਂ ਹਨ ਉਹ ਉਨ੍ਹਾਂ ਦੇ ਦਿਲ ਦੀ ਡੂੰਘਾਈ ਵਿੱਚੋਂ ਨਿਕਲਦੀਆਂ ਹੋਣ ਕਰਕੇ ਪਾਠਕ ਉੱਤੇ ਡੂੰਘਾ ਪ੍ਰਭਾਵ ਪਾਉਂਦੀਆਂ ਹਨ। ਵਾਰਿਸ ਨੂੰ ਜਾਚ ਹੈ ਆਪਣੇ ਪਾਤਰਾਂ ਦੇ ਮੂੰਹੋਂ ਮੌਕੇ ਦੇ ਅਨੁਕੂਲ ਜਚਵੇਂ ਵਾਕ ਕਢਾਉਣ ਦੀ। ਇਹ ਉਸ ਦਾ ਮੁੱਖ ਸਾਹਿੱਤਕ ਗੁਣ ਹੈ।

ਇਹ ਚਾਰ ਤੁਕਾਂ ਦਾ ਬੈਂਤ ਤੋਲ-ਤੁਕਾਂਤ ਵਿੱਚ ਬਹੁਤ ਸਫ਼ਲ ਹੈ। ਇਸ ਦੀਆਂ ਸਭ ਤੁਕਾਂ ਵਿੱਚ ਅਖੌਤਾਂ ਦੀ ਤਰ੍ਹਾਂ ਲੋਕਾਂ ਦੇ ਮੂੰਹ ਚੜ੍ਹ ਜਾਣ ਦੀ ਸਮਰੱਥਾ ਹੈ। ਇਸ ਦੀ ਬੋਲੀ ਠੇਠ ਪੰਜਾਬੀ ਹੈ ਤੇ ਇਸ ਵਿੱਚ ਸਪਸ਼ਟਤਾ ਬਹੁਤ ਹੈ।

**ਪੰਜਵਾਂ ਅਭਿਆਸ**

1 ਲਾਲਾ ਧਨੀ ਰਾਮ ਚਾਤ੍ਰਿਕ ਪਿੰਡ ਪੱਸੀਆਂ ਵਾਲੇ, ਜ਼ਿਲਾ ਸਿਆਲਕੋਟ ਵਿੱਚ 1876 ਈ: ਨੂੰ ਜਨਮੇ। ਬਚਪਨ ਵਿੱਚ ਸਕੂਲੀ ਵਿਦਿਆ ਬਹੁਤੀ ਲੈਣ ਦਾ ਮੌਕਾ ਨਾ ਮਿਲਿਆ। ਕਾਰ-ਵਿਹਾਰ ਦੇ ਸਿਲਸਲੇ ਵਿੱਚ ਕੁੱਝ ਸਾਲ ਬੰਬਈ ਰਹੇ, ਪਰ ਉਨ੍ਹਾਂ ਦੇ ਜੀਵਨ ਦਾ ਬਹੁਤਾ ਹਿੱਸਾ ਅਮ੍ਰਿਤਸਰ ਬੀਤਿਆ। ਉੱਥੇ ਉਹ ਪਹਿਲੇ 1892 ਤੋਂ ਵਜ਼ੀਰ ਹਿੰਦ ਪ੍ਰੈਸ ਵਿੱਚ ਨੌਕਰੀ ਕਰਦੇ ਰਹੇ ਤੇ ਪਿੱਛੋਂ ਆਪਣਾ ਸੁਦਰਸ਼ਨ ਪ੍ਰੈਸ ਖੋਲ੍ਹਿਆ। ਇਸ ਵਿੱਚ ਉਨ੍ਹਾਂ ਨੇ ਅਨੇਕਾਂ ਪੰਜਾਬੀ ਲੇਖਕਾਂ ਤੇ ਆਪਣੀਆਂ ਪੁਸਤਕਾਂ ਦੀ ਉੱਤਮ ਛਪਾਈ ਕੀਤੀ।

ਚਾਤ੍ਰਿਕ ਜੀ ਦੇ ਕੁੱਝ ਕਾਵਿ-ਸੰਗ੍ਰਿਹਾਂ ਦੇ ਨਾਂ ਇਹ ਹਨ:
ੳ) ਨਲ ਦਮਯੰਤੀ, ਅ) ਭਰਥਰੀ ਹਰੀ, ੲ) ਧਰਮਵੀਰ, ਸ) ਚੰਦਨ ਵਾੜੀ, ਹ) ਨਵਾਂ ਜਹਾਨ, ਕ) ਕੇਸਰ ਕਿਆਰੀ, ਖ) ਸੂਫੀ ਖਾਨਾ, ਗ) ਨੂਰ ਜਹਾਂ ਬਾਦਸ਼ਾਹ ਬੇਗਮ।

2 ਧਨੀ ਰਾਮ ਚਾਤ੍ਰਿਕ ਨੂੰ ਬਚਪਨ ਵਿੱਚ ਮੇਲਿਆਂ, ਛਿੰਜਾਂ, ਰਾਸਾਂ, ਆਦਿਕ ਦੇਖਣ ਦਾ ਸ਼ੌਕ ਸੀ। ਇਸ ਦੇ ਫਲਸਰੂਪ ਲੋਕ-ਗੀਤਾਂ ਦੀਆਂ ਧੁਨੀਆਂ ਤੇ ਵਿਸ਼ਿਆਂ ਨਾਲ ਉਨ੍ਹਾਂ ਦੀ ਵਾਕਫੀ ਬਣੀ। ਉਨ੍ਹਾਂ ਦੀ ਠੇਠ ਭਾਸ਼ਾ ਤੇ ਕਵਿਤਾ ਲਿਖਣ ਦੀ ਚੇਟਕ ਦਾ ਇਹ ਪਿਛੋਕੜ ਸੀ। ਇਸੇ ਪਿਛੋਕੜ ਦਾ ਸਦਕਾ ਉਨ੍ਹਾਂ ਨੇ 'ਨਲ ਦਮਯੰਤੀ', 'ਭਰਥਰੀ ਹਰੀ' ਵਰਗੇ ਪਰੰਪਰਾਵਾਦੀ ਰਵਾਇਤੀ ਕਿੱਸੇ ਲਿਖੇ। ਭਾਈ ਵੀਰ ਸਿੰਘ ਦੀ ਸੰਗਤ ਨੇ ਉਨ੍ਹਾਂ ਨੂੰ ਪੱਕੀ ਤੇ ਰਸੀ ਹੋਈ ਸ਼ੈਲੀ ਵਿੱਚ ਕਵਿਤਾ ਲਿਖਣ ਲਈ ਅਗਵਾਈ ਦਿੱਤੀ। ਉਹ ਧਰਮ ਦੇ ਵਿਸ਼ੇ ਉੱਤੇ ਕਾਫੀ ਕਵਿਤਾ ਲਿਖਦੇ ਰਹੇ ਪਰ ਭਾਈ ਸਾਹਿਬ ਦੀ ਤਰ੍ਹਾਂ ਰਹੱਸਵਾਦੀ ਕਵਿਤਾ ਦੇ ਉੱਚੇ ਮਿਆਰਾਂ ਨੂੰ ਨਾ ਛੂਹ ਸਕੇ ਨਾ ਉਨ੍ਹਾਂ ਦੀ ਵਿਦਵਤਾ ਨਾਲ ਸਾਂਝ ਪਾ ਸਕੇ। ਚਾਤ੍ਰਿਕ ਜੀ ਨੇ ਧਾਰਮਿਕ ਸਹਿਨਸ਼ੀਲਤਾ ਤੇ ਰਾਸ਼ਟਰੀ ਏਕਤਾ ਦਾ ਪ੍ਰਭਾਵ ਮਹਾਤਮਾ ਗਾਂਧੀ ਤੋਂ ਲਿਆ। ਅਹਿੰਸਾ, ਛੂਤ-ਛਾਤ ਦਾ ਖੰਡਨ ਤੇ ਰਾਸ਼ਟਰੀ ਸੁਤੰਤਰਤਾ ਦੇ ਅੰਦੋਲਨ ਵੱਲ ਝੁਕਾ ਵੀ ਇਸੇ ਸੋਮੇ ਤੋਂ ਆਏ। ਪਿੱਛੋਂ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਸੰਗਤ ਨੇ ਉਨ੍ਹਾਂ ਦੀ ਦ੍ਰਿਸ਼ਟੀ ਨੂੰ ਹੋਰ ਵਿਸ਼ਾਲ ਕੀਤਾ ਤੇ ਉਨ੍ਹਾਂ ਨੇ ਆਰਥਿਕ ਮਸਲੇ, ਮਜ਼ਦੂਰਾਂ ਕਿਸਾਨਾਂ ਦੀਆਂ ਸਮਸਿਆਵਾਂ ਤੇ ਅੰਤਰਰਾਸ਼ਟਰੀ ਅਮਨ ਵਰਗੇ ਵਿਸ਼ੇ ਅਪਣਾਉਣੇ ਸ਼ੁਰੂ ਕੀਤੇ।

3 ਇਹ ਕਵਿਤਾ ਭਵਿੱਖ ਵਿੱਚ ਆਉਣ ਵਾਲੀ ਦੁਨੀਆ ਦਾ ਸੁਹਾਵਣਾ ਨਕਸ਼ਾ ਉਲੀਕਦੀ ਹੈ। ਵਰਤਮਾਨ ਦੁਨੀਆ ਵਿੱਚ ਰਾਜਸੀ, ਆਰਥਿਕ, ਸਮਾਜਿਕ, ਸਭਿਆਚਾਰਿਕ ਕਈ ਤਰ੍ਹਾਂ ਦੇ ਵਿਤਕਰੇ ਤੇ ਅਨਿਆਂ ਹਨ। ਕਈ ਥਾਵਾਂ ਉੱਤੇ ਜੰਗ ਹੋ ਰਹੇ ਹਨ ਤੇ ਕਈ ਥਾਂ ਆਤੰਕਵਾਦ ਫੈਲ ਰਿਹਾ ਹੈ। ਧਨੀ ਰਾਮ ਚਾਤ੍ਰਿਕ ਨੇ ਕ੍ਰਾਂਤੀਕਾਰੀਆਂ ਦੀ ਤਰ੍ਹਾਂ ਇਸ ਦੁਨੀਆ ਨੂੰ ਅਨੇਕਾਂ ਪੱਖਾਂ ਤੋਂ ਬਦਲਣ ਦਾ ਸੁਫਨਾ ਲਿਆ ਹੈ। ਇਸ ਸੁਫਨੇ ਅਨੁਸਾਰ ਨਵੀਂ ਦੁਨੀਆ ਵਿੱਚ ਸਾਇੰਸ ਦੀਆਂ ਖੋਜਾਂ ਦਾ ਸਦਕਾ ਬਹੁਤ ਪਦਾਰਥਕ ਦੌਲਤ ਪੈਦਾ ਹੋਵੇਗੀ ਤੇ ਖੁਸ਼ਹਾਲੀ ਵਧੇਗੀ। ਦੁਨੀਆ ਦੀ ਧਰਤੀ ਸਭ ਦੀ ਸਾਂਝੀ ਹੋਵੇਗੀ, ਅਰਥਾਤ ਨਿੱਜੀ ਜਾਇਦਾਦ ਦੀ ਪ੍ਰਥਾ ਖਤਮ ਹੋ ਜਾਵੇਗੀ। ਜੰਗ ਕਰਨ ਦੀ ਉਕਸਾਹਟ ਕਿਸੇ ਨੂੰ ਨਹੀਂ ਹੋਵੇਗੀ, ਸੰਸਾਰ ਵਿੱਚ ਅਮਨ ਵਰਤੇਗਾ। ਜਿਹੜੀ ਰਾਜਨੀਤੀ ਜਾਂ ਧਰਮ, ਮਨੁੱਖਤਾ ਵਿੱਚ ਵੰਡੀਆਂ ਪਾਉਂਦੇ ਹਨ ਉਹ ਖਤਮ ਹੋ ਜਾਣਗੇ। ਮਜ਼ਹਬ ਦੇ ਨਾਂ ਉੱਤੇ ਲੜਾਈ-ਝਗੜੇ ਖਤਮ ਹੋ ਜਾਣਗੇ। ਜਾਤ-ਪਾਤ ਦੇ ਨਾਂ ਉੱਤੇ ਉਚ-ਨੀਚ ਦੇ ਵਿਤਕਰੇ ਮੁੱਕ ਜਾਣਗੇ ਅਤੇ ਦੁਨੀਆ ਇੱਕ ਨਵਾਂ ਸੁਰਗ ਬਣ ਜਾਵੇਗੀ।

4 ਇਹ ਕਵਿਤਾ ਇੱਕ ਗੀਤ ਦੇ ਨਮੂਨੇ ਉੱਤੇ ਢਾਲੀ ਗਈ ਹੈ। ਇਸ ਦਾ ਹਰ ਇੱਕ ਬੰਦ ਆਪਣੇ ਆਪ ਵਿੱਚ ਕਵਿਤਾ ਦੀ ਇੱਕ ਵੱਖਰੀ ਤੇ ਪੂਰੀ ਇਕਾਈ ਪੇਸ਼ ਕਰਦਾ ਹੈ। ਇਸ ਦੀਆਂ ਤੁਕਾਂ ਦਾ ਤੋਲ ਠੀਕ ਹੈ, ਕਿੱਧਰੇ ਸਕਤਾ ਨਹੀਂ ਪੈਂਦਾ ਇਸ ਕਵਿਤਾ ਦਾ ਇੱਕ ਹੋਰ ਗੁਣ ਇਸ ਦੀ ਸੁਭਾਵਿਕਤਾ ਹੈ। ਗੱਲ ਵਿੱਚੋਂ ਗੱਲ ਸਹਿਜ ਸੁਭਾ ਨਿਕਲਦੀ ਆਉਂਦੀ ਹੈ ਤੇ ਮਜਮੂਨ ਅੱਗੇ ਵਧਦਾ ਜਾਂਦਾ ਹੈ, ਕਿੱਧਰੇ ਭਰਤੀ ਕੀਤੀ ਮਹਿਸੂਸ ਨਹੀਂ ਹੁੰਦੀ। ਇਸ ਨਾਲ ਮਿਲਦਾ-ਜੁਲਦਾ ਗੁਣ ਸਪਸ਼ਟਤਾ ਦਾ ਹੈ। ਇਸ ਕਵਿਤਾ ਵਿੱਚ ਸਰਲਤਾ ਪਰਧਾਨ ਹੈ। ਰੂਪਕ ਵਰਤੇ ਹਨ।